ਬੁੱਧਵਾਰ, 28 ਅਕਤੂਬਰ, 2026
12 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 148

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 28 OCTOBER, 2026
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਐੱਸ ਆਈ ਆਰ ਰੱਦ ਕਰਾਉਣ ਤੇ ਗਿਆਨੇਸ਼ ਦੇ ਅਸਤੀਫੇ ਲਈ ਸੀ ਪੀ ਆਈ ਨੇ ਬਣਾਈ ਵਿਸ਼ਾਲ ਮਨੁੱਖੀ ਲੜੀ

**ਨਵੀਂ ਦਿੱਲੀ. (ਨਵਾਂ ਜ਼ਮਾਨਾ ਸਰਵਿਸ)**
ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਲਈ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨੇ ਮੰਗਲਵਾਰ ਇੱਥੇ ਆਪਣੇ ਮੁੱਖ ਦਫਤਰ ਅਜੈ ਭਵਨ ਤੋਂ ਆਈ ਟੀ ਓ ਤੱਕ ਇੱਕ ਵਿਸ਼ਾਲ ਅਤੇ ਬੇਹੱਦ ਸਫਲ ਮਨੁੱਖੀ ਲੜੀ ਬਣਾਈ। ਹਜ਼ਾਰਾਂ ਲੋਕਾਂ ਨੇ ਇੱਕ-ਦੂਜੇ ਦੇ ਹੱਥਾਂ ਵਿੱਚ ਹੱਥ ਪਾ ਕੇ ਉਨ੍ਹਾਂ ਲੱਖਾਂ ਨਾਗਰਿਕਾਂ ਨਾਲ ਇਕਜੁੱਟਤਾ ਪ੍ਰਗਟ ਕੀਤੀ, ਜਿਨ੍ਹਾਂ ਦੇ ਨਾਂਅ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੋਧ (ਐੱਸ ਆਈ ਆਰ) ਰਾਹੀਂ ਕੱਟ ਦਿੱਤੇ ਗਏ ਹਨ।ਇਸ ਵਿਸ਼ਾਲ ਸ਼ਮੂਲੀਅਤ ਨੇ ਨਾਗਰਿਕਾਂ ਨੂੰ ਯੋਜਨਾਬੱਧ ਢੰਗ ਨਾਲ ਵੋਟ ਦੇ ਅਧਿਕਾਰ ਤੋਂ ਵਾਂਝੇ ਕਰਨ ਅਤੇ ਵੋਟ ਪਾਉਣ ਦੇ ਬੁਨਿਆਦੀ ਜਮਹੂਰੀ ਹੱਕ 'ਤੇ ਕੀਤੇ ਜਾ ਰਹੇ ਹਮਲੇ ਵਿਰੁੱਧ ਲੋਕਾਂ ਦੇ ਵਧ ਰਹੇ ਰੋਸ ਨੂੰ ਦਰਸਾਇਆ।







ਸੀ ਪੀ ਆਈ ਅਤੇ ਇਸ ਦੀਆਂ ਜਨਤਕ ਜਥੇਬੰਦੀਆਂ ਨੇ ਐੱਸ ਆਈ ਆਰ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ ਕਿ ਗਿਆਨੇਸ਼ ਕੁਮਾਰ ਲੋਕਾਂ ਦਾ ਭਰੋਸਾ ਗੁਆ ਚੁੱਕੇ ਹਨ ਅਤੇ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ 'ਤੇ ਉਨ੍ਹਾ ਦਾ ਬਣੇ ਰਹਿਣਾ ਸਾਡੇ ਚੋਣ ਲੋਕਤੰਤਰ ਦੀ ਭਰੋਸੇਯੋਗਤਾ ਲਈ ਇੱਕ ਗੰਭੀਰ ਖਤਰਾ ਹੈ। ਉਨ੍ਹਾ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਮਨੁੱਖੀ ਲੜੀ ਦੌਰਾਨ ਜੰਤਰ-ਮੰਤਰ ਦੀ ਪ੍ਰਦਰਸ਼ਨ ਸਥਾਨ ਵਜੋਂ ਮਾਨਤਾ ਰੱਦ ਕਰਨ ਦੇ ਫੈਸਲੇ ਦੀ ਵੀ ਸਖਤ ਨਿੰਦਾ ਕੀਤੀ ਗਈ ਅਤੇ ਇਸ ਨੂੰ ਤੁਰੰਤ ਮੁੜ ਖੋਲ੍ਹਣ ਦੀ ਮੰਗ ਕੀਤੀ ਗਈ।ਇਹ ਕਿਹਾ ਗਿਆ ਕਿ ਜਮਹੂਰੀ ਵਿਰੋਧ ਪ੍ਰਗਟਾਉਣ ਦੇ ਇੱਕ ਇਤਿਹਾਸਕ ਸਥਾਨ ਨੂੰ ਬੰਦ ਕਰਨ ਦੀ ਕੋਸ਼ਿਸ਼ ਲੋਕ ਅੰਦੋਲਨਾਂ ਪ੍ਰਤੀ ਵਧ ਰਹੀ ਅਸਹਿਣਸ਼ੀਲਤਾ ਅਤੇ ਵਿਰੋਧ ਪ੍ਰਦਰਸ਼ਨ ਦੇ ਹੱਕ ਨੂੰ ਯੋਜਨਾਬੱਧ ਢੰਗ ਨਾਲ ਦਬਾਉਣ ਦੀ ਇੱਕ ਹੋਰ ਮਿਸਾਲ ਹੈ।
ਸੀ ਪੀ ਆਈ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਨਾਗਰਿਕਾਂ ਨੂੰ • ਬਾਕੀ ਸਫਾ 2 'ਤੇ

## ਏਟਕ ਪੰਜਾਬ ਦੀ ਸੂਬਾ ਕਾਨਫਰੰਸ ਅੱਜ ਤੋਂ



**ਜਲੰਧਰ (ਗਿਆਨ ਸੈਦਪੁਰੀ)**-ਭਾਰਤ ਦੇ ਮਜ਼ਦੂਰਾਂ ਦੀ ਸਿਰਮੌਰ ਜਥੇਬੰਦੀ ਏਟਕ ਦੀ ਪੰਜਾਬ ਇਕਾਈ ਦੀ ਸੂਬਾ ਕਾਨਫਰੰਸ 28 ਅਤੇ 29 ਅਕਤੂਬਰ ਨੂੰ ਕਨਵੈਨਸ਼ਨ ਸੈਂਟਰ 36 ਸੈਕਟਰ ਚੰਡੀਗੜ੍ਹ ਹੋ ਰਹੀ ਹੈ। ਏਟਕ ਪੰਜਾਬ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਆਸਲ ਨੇ ਦੱਸਿਆ ਕਿ ਸੂਬਾ ਕਾਨਫਰੰਸ 28 ਅਕਤੂਬਰ ਨੂੰ ਸਵੇਰੇ 11 ਵਜੇ ਸ਼ੁਰੂ ਹੋਵੇਗੀ। ਇਹ 29 ਅਕਤੂਬਰ ਨੂੰ ਦੁਪਹਿਰ ਤੱਕ ਚੱਲੇਗੀ। ਕਾਨਫਰੰਸ ਨੂੰ ਏਟਕ ਦੇ ਕੌਮੀ ਜਨਰਲ ਸਕੱਤਰ ਅਮਰਜੀਤ ਕੌਰ ਅਤੇ ਕੌਮੀ ਮੀਤ ਪ੍ਰਧਾਨ ਵਿਦਿਆ ਸਾਗਰ ਗਿਰੀ ਸੰਬੋਧਨ ਕਰਨਗੇ। ਕਾਨਫਰੰਸ ਵਿੱਚ ਦੇਸ਼ ਦੇ ਸਿਆਸੀ ਹਾਲਾਤ ਅਤੇ ਮਜ਼ਦੂਰ ਵਰਗ ਨੂੰ ਦਰਪੇਸ਼ ਮਸਲਿਆਂ ਬਾਰੇ ਨਿੱਠ ਕੇ ਵਿਚਾਰ-ਚਰਚਾ ਹੋਵੇਗੀ। ਕਿਸਾਨਾਂ ਦੇ ਮਸਲੇ ਵੀ ਵਿਚਾਰੇ ਜਾਣਗੇ। ਮੁਲਾਜ਼ਮਾਂ ਦੀਆਂ ਮੰਗਾਂ ਅਤੇ ਖਾਸ ਕਰਕੇ ਡੀ ਏ ਸਬੰਧੀ ਚਰਚਾ ਕਰਕੇ ਮਤੇ ਪਾਸ ਕੀਤੇ ਜਾਣਗੇ। ਲੇਬਰ ਕੋਡ ਰੱਦ ਕਰਨ ਅਤੇ ਲੇਬਰ ਕਾਨੂੰਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਜਾਵੇਗੀ।ਮਜ਼ਦੂਰ ਵਰਗ ਦੀ ਬਿਹਤਰੀ ਲਈ ਕਾਰਜ ਉਲੀਕੇ ਜਾਣਗੇ।

## ਹੋਟਲ 'ਚ ਗੋਲੀਬਾਰੀ, 5 ਮੌਤਾਂ

**ਗੁਹਾਟੀ :** ਇਕ ਸਥਾਨਕ ਹੋਟਲ ਵਿਚ ਹੋਈ ਗੋਲੀਬਾਰੀ 'ਚ 5 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਗੁਹਾਟੀ ਦੇ ਪੁਲਸ ਕਮਿਸ਼ਨਰ ਪਾਰਥ ਸਾਰਥੀ ਮਹੰਤਾ ਨੇ ਦੱਸਿਆ ਕਿ ਗੋਲੀਬਾਰੀ ਵਿੱਚ ਛੇ ਜਣਿਆਂ ਨੂੰ ਗੋਲੀਆਂ ਲੱਗੀਆਂ ਸਨ। ਇਨ੍ਹਾਂ ਵਿੱਚੋਂ ਪੰਜ ਜਣਿਆਂ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ, ਜਦ ਕਿ ਇੱਕ ਜ਼ਖ਼ਮੀ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾ ਦੱਸਿਆ ਕਿ ਘਟਨਾ ਵਿੱਚ ਵਰਤਿਆ ਗਿਆ 32 ਬੋਰ ਦਾ ਲਾਇਸੈਂਸੀ ਪਿਸਤੌਲ ਬਰਾਮਦ ਕਰ ਲਿਆ ਗਿਆ ਹੈ। ਮਾਮਲੇ ਦੀ ਮੁੱਢਲੀ ਜਾਂਚ ਵਿੱਚ ਹੋਟਲ ਦੇ ਪਟੇ ਦੇ ਸਮਝੌਤੇ ਨਾਲ ਜੁੜਿਆ ਜਾਇਦਾਦ ਦਾ ਵਿਵਾਦ ਸਾਹਮਣੇ ਆਇਆ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮਾਰੇ ਗਏ ਸਾਰੇ ਪੰਜ ਜਣੇ ਹੋਟਲ ਦੇ ਮਾਲਕ ਨਾਲ ਸੰਬੰਧਤ ਸਨ। ਉਨ੍ਹਾ ਕਿਹਾ ਕਿ ਠੇਕੇਦਾਰ ਨੇ ਖ਼ੁਦ ਗੋਲੀਆਂ ਚਲਾ ਕੇ ਇਨ੍ਹਾਂ ਦੀ ਹੱਤਿਆ ਕੀਤੀ। ਪੁਲਸ ਮੁਤਾਬਕ ਹਮਲਾਵਰ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਘੁੰਮਣ ਨੇ ਮਜੀਠੀਆ ਨੂੰ ਭੇਜਿਆ ਕਾਨੂੰਨੀ ਨੋਟਿਸ

**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਇੱਕ ਕਾਨੂੰਨੀ ਨੋਟਿਸ ਭੇਜਿਆ ਹੈ। ਇਹ ਨੋਟਿਸ ਮਜੀਠੀਆ ਵੱਲੋਂ ਸੋਸ਼ਲ ਮੀਡੀਆ 'ਤੇ ਕੀਤੀ ਗਈ ਇਕ ਪੋਸਟ ਦੇ ਸੰਬੰਧ ਵਿੱਚ ਭੇਜਿਆ ਗਿਆ ਹੈ। ਘੁੰਮਣ ਨੇ ਮਜੀਠੀਆ ਵੱਲੋਂ ਸੋਸ਼ਲ ਮੀਡੀਆ ਉੱਤੇ ਸਾਂਝੀ ਕੀਤੀ ਪੋਸਟ ਨੂੰ 24 ਘੰਟਿਆਂ ਵਿੱਚ ਹਟਾਉਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਮੰਗ ਕੀਤੀ ਗਈ ਹੈ ਕਿ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਜਾਵੇ ਅਤੇ ਭਵਿੱਖ ਵਿੱਚ ਬਿਨਾਂ ਕਿਸੇ ਤੱਥ ਦੇ ਅਜਿਹੇ ਦੋਸ਼ ਨਾ ਲਗਾਉਣ ਦਾ ਲਿਖਤੀ ਭਰੋਸਾ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਮੰਗਾਂ ਪੂਰੀਆਂ ਨਾ ਕੀਤੇ ਜਾਣ ਉੱਤੇ ਅਪਰਾਧਕ ਕਾਰਵਾਈ ਕਰਨ ਅਤੇ ਮਾਣਹਾਨੀ ਲਈ ਭਾਰੀ ਹਰਜਾਨੇ ਦਾ ਮੁਕੱਦਮਾ ਦਾਇਰ ਕੀਤਾ ਜਾਵੇਗਾ।

## ਪਾਣੀਆਂ 'ਤੇ ਪੰਜਾਬ ਦੇ ਹੱਕਾਂ ਬਾਰੇ 5 ਮਤੇ ਪਾਸ

### ਕਰਤਾਰਪੁਰ ਲਾਂਘਾ ਖੋਲ੍ਹਣ ਤੇ ਲੋਕ ਭਲਾਈ ਸਕੀਮਾਂ ਜਾਰੀ ਰੱਖਣ ਦੇ ਮਤੇ ਵੀ ਪ੍ਰਵਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**
ਪੰਜਾਬ ਵਿਧਾਨ ਸਭਾ 'ਚ ਮੰਗਲਵਾਰ ਨੂੰ ਬਹਿਸ ਮਗਰੋਂ ਦਰਿਆਈ ਪਾਣੀਆਂ 'ਤੇ ਹੱਕਾਂ ਦਾ ਦਾਅਵਾ ਕਰਦੇ ਹੋਏ ਸਰਬਸੰਮਤੀ ਨਾਲ 5 ਮਤੇ ਪਾਸ ਕੀਤੇ ਗਏ। ਇਸ ਤੋਂ ਇਲਾਵਾ ਸਦਨ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਲੋਕ ਭਲਾਈ ਸਕੀਮਾਂ ਨੂੰ ਜਾਰੀ ਰੱਖਣ ਲਈ ਪੇਸ਼ ਮਤਿਆਂ ਨੂੰ ਵੀ ਪਾਸ ਕੀਤਾ ਗਿਆ। ਦਰਿਆਈ ਪਾਣੀਆਂ ਨਾਲ ਸੰਬੰਧਤ ਮਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਸਦਨ ਵਿੱਚ ਪੇਸ਼ ਕੀਤੇ ਗਏ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਪਾਣੀਆਂ ਬਾਰੇ ਪਾਸ ਕੀਤੇ ਮਤੇ ਪਾਰਟੀ ਦੀ ਕਿਸਾਨਾਂ ਪ੍ਰਤੀ ਪਹੁੰਚ ਨੂੰ ਉਜਾਗਰ ਕਰਦੇ ਹਨ। ਸਾਲ 2022 ਦੀਆਂ ਚੋਣਾਂ ਵਿੱਚ 'ਆਪ' ਨੂੰ ਮਾਲਵਾ ਖੇਤਰ ਦੀਆਂ 69 ਸੀਟਾਂ 'ਤੇ ਕਿਸਾਨ ਯੂਨੀਅਨਾਂ ਦੇ ਸਹਿਯੋਗ ਦਾ ਵੱਡਾ ਫ਼ਾਇਦਾ ਮਿਲਿਆ ਸੀ। ਇਸ ਤੋਂ ਇਲਾਵਾ ਪਾਸ ਕੀਤੇ ਗਏ ਕੁਝ ਮਤਿਆਂ 'ਤੇ ਪੰਜਾਬ ਸਰਕਾਰ ਦੀ ਇਸੇ ਸਾਲ ਸੰਯੁਕਤ ਕਿਸਾਨ ਮੋਰਚਾ ਅਤੇ ਬੀ ਕੇ ਯੂ ਏਕਤਾ ਉਗਰਾਹਾਂ ਦੇ ਆਗੂਆਂ ਨਾਲ ਹੋਈ ਗੱਲਬਾਤ ਦੌਰਾਨ ਸਹਿਮਤੀ ਬਣੀ ਸੀ। ਇਨ੍ਹਾਂ ਮਤਿਆਂ 'ਤੇ ਕਰੀਬ ਤਿੰਨ ਘੰਟੇ ਲੰਮੀ ਬਹਿਸ ਹੋਈ। ਮੰਤਰੀ ਬਰਿੰਦਰ ਗੋਇਲ ਵੱਲੋਂ ਪੇਸ਼ ਪਹਿਲੇ ਮਤੇ ਵਿੱਚ 1966 ਦੇ ਪੁਨਰਗਠਨ ਤੋਂ ਪਹਿਲਾਂ ਦੇ ਅਣਵੰਡੇ ਪੰਜਾਬ ਦਾ ਹਵਾਲਾ ਦਿੰਦਿਆਂ ਯਮੁਨਾ ਦੇ ਪਾਣੀ 'ਤੇ ਪੰਜਾਬ ਦੇ ਇਤਿਹਾਸਕ ਅਤੇ ਕਾਨੂੰਨੀ ਹੱਕ ਦਾ ਦਾਅਵਾ ਕੀਤਾ ਗਿਆ ਹੈ। ਮਤੇ ਵਿੱਚ ਦੱਸਿਆ ਗਿਆ ਕਿ ਰਾਵੀ ਅਤੇ ਬਿਆਸ ਵਾਂਗ ਯਮੁਨਾ ਦੇ ਪਾਣੀ ਵੰਡ ਵਿੱਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਪੰਜਾਬ ਦਾ 72 ਫ਼ੀਸਦੀ ਖੇਤਰ ਭੂਮੀਗਤ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਸੂਬੇ ਨੇ 25 ਅਪਰੈਲ 2025 ਨੂੰ ਕੇਂਦਰੀ ਜਲ ਸ਼ਕਤੀ ਮੰਤਰਾਲੇ ਕੋਲ ਜਲ ਵਿਵਾਦ ਟ੍ਰਿਬਿਊਨਲ ਦੇ ਗਠਨ ਲਈ ਰਸਮੀ ਸ਼ਿਕਾਇਤ ਵੀ ਦਰਜ ਕਰਵਾਈ ਹੈ। ਦੂਜੇ ਮਤੇ ਵਿੱਚ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 79 (1) ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਤਹਿਤ ਰੋਪੜ, ਹਰੀਕੇ ਅਤੇ ਫ਼ਿਰੋਜ਼ਪੁਰ ਸਿੰਜਾਈ ਹੈੱਡ ਵਰਕਸ ਦਾ ਨਿਯੰਤਰਨ ਭਾਖੜਾ ਬਿਆਸ ਪ੍ਰਬੰਧਨ ਬੋਰਡ ਨੂੰ ਦਿੱਤਾ ਗਿਆ ਸੀ। ਸਰਕਾਰ ਨੇ ਇਸ ਵਿਵਸਥਾ ਨੂੰ ਗ਼ੈਰ-ਸੰਵਿਧਾਨਕ ਦੱਸਦਿਆਂ ਕਿਹਾ ਕਿ ਪਾਣੀ ਦਾ ਨਿਯਮ ਸੂਬਾ ਸੂਚੀ ਦਾ ਮੁੱਦਾ ਹੈ। ਮੰਤਰੀ ਨੇ ਹਰਿਆਣਾ, ਰਾਜਸਥਾਨ, ਦਿੱਲੀ, ਕਰਨਾਟਕ ਅਤੇ ਉੜੀਸਾ ਵਰਗੇ ਰਾਜਾਂ ਦੀਆਂ ਉਦਾਹਰਨਾਂ ਦਿੱਤੀਆਂ, ਜਿੱਥੇ ਹੈੱਡ ਵਰਕਸ ਦਾ ਨਿਯੰਤਰਨ ਸੂਬਾ ਸਰਕਾਰਾਂ ਕੋਲ ਹੈ। ਤੀਜੇ ਮਤੇ ਵਿੱਚ 5 ਮਈ 2025 ਨੂੰ ਵਿਧਾਨ • ਬਾਕੀ ਸਫਾ 2 'ਤੇ

## ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫੀ ਦਾ ਆਗਾਜ਼

### ਪੰਜਾਬ ਦੇ ਹਾਕੀ ਖਿਡਾਰੀਆਂ ਦਾ ਘਰੇਲੂ ਮੈਦਾਨ 'ਤੇ ਖੇਡਣ ਦਾ ਸੁਪਨਾ ਹੋਇਆ ਸਾਕਾਰ : ਮਾਨ

**ਜਲੰਧਰ (ਇਕਬਾਲ ਸਿੰਘ ਉੱਭੀ/ਸ਼ੈਲੀ ਐਲਬਰਟ/ ਸੁਰਿੰਦਰ ਕੁਮਾਰ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਜਲੰਧਰ ਦੇ ਬਰਲਟਨ ਪਾਰਕ ਸਥਿਤ ਉਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ-2026 ਦਾ ਉਦਘਾਟਨ ਕੀਤਾ। ਪੰਜਾਬ ਵਿੱਚ ਪਹਿਲੀ ਵਾਰ ਇਸ ਵੱਕਾਰੀ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨੂੰ ਸੂਬੇ ਦੀ ਖੇਡ ਵਿਰਾਸਤ ਲਈ ਇਤਿਹਾਸਕ ਮੌਕਾ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਾਕੀ ਖਿਡਾਰੀਆਂ ਦਾ ਆਪਣੇ ਘਰੇਲੂ ਮੈਦਾਨਾਂ 'ਤੇ ਅੰਤਰਰਾਸ਼ਟਰੀ ਟੀਮਾਂ ਨਾਲ ਖੇਡਣ ਦਾ ਲੰਮੇ ਸਮੇਂ ਤੋਂ ਦੇਖਿਆ ਜਾ ਰਿਹਾ ਸੁਪਨਾ ਸਾਕਾਰ ਹੋਇਆ ਹੈ।
ਮੁੱਖ ਮੰਤਰੀ ਨੇ ਚੈਂਪੀਅਨਸ਼ਿਪ • ਬਾਕੀ ਸਫਾ 2 'ਤੇ





## ਗਿਆਨੇਸ਼ ਦੇ ਅਸਤੀਫੇ ਤੱਕ ਨਹੀਂ ਰੁਕਾਂਗੇ : ਰਾਹੁਲ

**ਨਵੀਂ ਦਿੱਲੀ :** ਰਾਹੁਲ ਗਾਂਧੀ ਨੇ ਮੰਗਲਵਾਰ ਜ਼ੋਰ ਦੇ ਕੇ ਕਿਹਾ ਕਿ ਵਿਰੋਧੀ ਧਿਰ ਐੱਸ ਆਈ ਆਰ ਵਿਰੁੱਧ ਉਦੋਂ ਤੱਕ ਆਪਣਾ ਪ੍ਰਦਰਸ਼ਨ ਬੰਦ ਨਹੀਂ ਕਰੇਗੀ, ਜਦੋਂ ਤੱਕ ਗਿਆਨੇਸ਼ ਕੁਮਾਰ ਅਸਤੀਫਾ ਨਹੀਂ ਦੇ ਦਿੰਦੇ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾ ਨੂੰ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਨਹੀਂ ਦਿੰਦੇ। ਰਾਜਧਾਨੀ ਦੇ ਤ੍ਰਿਲੋਕਪੁਰੀ ਵਿੱਚ ਇੱਕ 'ਜਨ ਸੁਣਵਾਈ' ਪ੍ਰੋਗਰਾਮ ਵਿੱਚ ਬੋਲਦਿਆਂ ਰਾਹੁਲ ਨੇ ਦਾਅਵਾ ਕੀਤਾ ਕਿ ਇਸੇ ਖੇਤਰ ਦੇ ਸਿਰਫ਼ ਚਾਰ ਬੂਥਾਂ ਵਿੱਚੋਂ 416 ਵੋਟਰਾਂ ਦੇ ਨਾਂਅ ਗੈਰ-ਕਾਨੂੰਨੀ ਢੰਗ ਨਾਲ ਹਟਾ ਦਿੱਤੇ ਗਏ ਹਨ। ਜਨਤਕ ਸੁਣਵਾਈ ਦੌਰਾਨ ਸੀ ਪੀ ਆਈ (ਐੱਮ ਐੱਲ) ਦੇ ਆਗੂ ਦੀਪਾਂਕਰ ਭੱਟਾਚਾਰਿਆ ਅਤੇ ਸਵਰਾਜ ਇੰਡੀਆ ਦੇ ਯੋਗੇਂਦਰ ਯਾਦਵ ਵੀ ਮੌਜੂਦ ਸਨ।

## ਮੁੱਖ ਮੰਤਰੀ ਨੂੰ ਪਿਆਦੇ ਗੁੰਮਰਾਹ ਕਰ ਰਹੇ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**
ਮਾਨਸਾ ਝੋਟਾ ਕਤਲ ਕਾਂਡ ਇਨਸਾਫ ਮੋਰਚੇ ਦਾ ਮੰਗਲਵਾਰ 15ਵਾਂ ਦਿਨ ਸੀ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਡਰੱਗ ਮਾਫੀਆ, ਨਸ਼ਾ ਤਸਕਰਾਂ ਤੇ ਸੂਬਾ ਸਰਕਾਰ ਖਿਲਾਫ ਰੋਸ ਵਧ ਰਿਹਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਉਹਨਾ ਦੇ ਪਿਆਦੇ ਲਗਾਤਾਰ ਗੁੰਮਰਾਹ ਕਰ ਰਹੇ ਹਨ, ਲੋੜ ਹੈ ਅਸਲੀਅਤ ਨੂੰ ਸਮਝਣ ਦੀ ? ਮੁੱਖ ਮੰਤਰੀ ਇਸ ਗੰਭੀਰ ਮੁੱਦੇ 'ਤੇ ਮੂਕ-ਦਰਸ਼ਕ ਬਣਨ ਦੀ ਬਜਾਏ ਮੰਗਾਂ ਤੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਪਹਿਲਕਦਮੀ ਕਰਦਿਆ ਆਪਣੀ ਜ਼ਿੰਮੇਵਾਰੀ ਨਿਭਾਉਣ।ਉਨ੍ਹਾ ਕਿਹਾ ਕਿ ਐਕਸ਼ਨ ਕਮੇਟੀ ਤੇ ਪਰਵਾਰ ਦੀਆਂ 14 ਮੰਗਾਂ ਸੰਜੀਦਾ ਬੈਠ ਕੇ ਹੱਲ ਕਰਨ ਦੀ ਲੋੜ ਹੈ। ਜੇਕਰ ਤਿੰਨ ਸਾਲ ਪਹਿਲਾਂ ਹਲਕਾ ਵਿਧਾਇਕ ਇਸ ਨੂੰ ਗੰਭੀਰਤਾ ਨਾਲ ਲੈਂਦੇ ਤਾਂ ਸ਼ਾਇਦ ਪਰਮਿੰਦਰ ਝੋਟੇ ਨੂੰ ਕੁਰਬਾਨੀ ਦੇਣ ਦੀ ਲੋੜ ਨਹੀਂ ਸੀ ਪੈਣੀ। ਡਰੱਗ ਇੰਸਪੈਕਟਰ, ਐੱਸ ਐੱਚ ਓ ਤੇ ਡੀ ਐੱਸ ਪੀ ਨੂੰ ਮੁਅੱਤਲ ਕਰਨਾ ਮੰਗਾਂ ਨੂੰ ਮੰਨਣਾ ਨਹੀਂ। ਉਹਨਾ ਕਿਹਾ ਨਸ਼ਾ ਤਸਕਰਾਂ ਤੇ ਡਰੱਗ ਮਾਫੀਆ ਦੀ ਸ਼ਹਿ ਪਿੱਛੇ ਛੁਪੀਆਂ ਤਾਕਤਾਂ ਨੂੰ ਜਨਤਕ ਕਰਕੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ਤੇ ਬਾਕੀ ਮੰਗਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਕੇ ਇਨਸਾਫ ਦਿੱਤਾ ਜਾਵੇ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਸ਼ਹਿਰੀ ਸਕੱਤਰ ਰਤਨ ਭੋਲਾ, ਏਟਕ ਆਗੂ ਬੂਟਾ ਸਿੰਘ ਬਰਨਾਲਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ ਆਦਿ ਆਗੂ ਹਾਜ਼ਰ ਸਨ।



## ਚੋਣ ਕਮਿਸ਼ਨ ਦੇ ਹਲਫਨਾਮੇ ਦਾ ਜਵਾਬ ਦੇਣ ਲਈ ਪਟੀਸ਼ਨਰਾਂ ਨੂੰ 10 ਦਿਨ ਦਾ ਸਮਾਂ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਪਟੀਸ਼ਨਰਾਂ ਨੂੰ ਚੋਣ ਕਮਿਸ਼ਨ ਦੇ ਐੱਸ ਆਈ ਆਰ ਦਾ ਬਚਾਅ ਕਰਨ ਵਾਲੇ ਹਲਫ਼ਨਾਮੇ ਦਾ ਜਵਾਬ ਦਾਇਰ ਕਰਨ ਲਈ 10 ਦਿਨਾਂ ਦਾ ਸਮਾਂ ਦਿੱਤਾ, ਇਹ ਬਰਕਰਾਰ ਰੱਖਦੇ ਹੋਏ ਕਿ ਇਹ ਅਭਿਆਸ ਕਾਨੂੰਨ ਦੁਆਰਾ ਅਧਿਕਾਰਤ ਸੀ ਅਤੇ ਸੰਬੰਧਤ ਆਦੇਸ਼ਾਂ ਨੂੰ ਪੋਲ ਪੈਨਲ ਦੇ ਤਿੰਨੋਂ ਮੈਂਬਰਾਂ ਦੁਆਰਾ ਸਰਬਸੰਮਤੀ ਨਾਲ ਮਨਜ਼ੂਰੀ ਦਿੱਤੀ ਗਈ ਸੀ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਅਤੇ ਵੀ ਮੋਹਨਾ ਦੀ ਬੈਂਚ ਨੇ ਰਾਜ ਸਭਾ ਮੈਂਬਰ ਡੋਲਾ ਸੇਨ ਦੁਆਰਾ ਦਾਇਰ ਇੱਕ ਨਵੀਂ ਪਟੀਸ਼ਨ 'ਤੇ ਚੋਣ ਪੈਨਲ ਅਤੇ ਹੋਰਾਂ ਨੂੰ ਨੋਟਿਸ ਜਾਰੀ ਕੀਤੇ ਹਨ, ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਬਿਹਾਰ ਵਿਚ ਐੱਸ ਆਈ ਆਰ ਦੌਰਾਨ ਫਾਰਮ 6 ਵਿੱਚ ਬਦਲਾਅ ਸਿਖਰਲੀ ਅਦਾਲਤ ਦੀ ਪ੍ਰਵਾਨਗੀ ਤੋਂ ਬਿਨਾਂ ਕੀਤੇ ਗਏ ਸਨ। ਚੀਫ ਜਸਟਿਸ ਨੇ ਕਿਹਾ ਕਿ ਸਾਰੇ ਮੁੱਦਿਆਂ ਦੀ ਜਾਂਚ ਕੀਤੀ ਜਾਵੇਗੀ ਅਤੇ ਸੀਨੀਅਰ ਵਕੀਲ ਵਿਕਾਸ ਸਿੰਘ, ਜੋ ਪਹਿਲੇ ਪਟੀਸ਼ਨਰ ਰਾਕੇਸ਼ ਕੁਮਾਰ ਸਿੰਘ ਦੀ ਨੁਮਾਇੰਦਗੀ ਕਰ ਰਹੇ ਸਨ, ਨੂੰ ਸੋਮਵਾਰ ਦੇਰ ਸ਼ਾਮ ਦਾਇਰ ਕੀਤੇ ਗਏ ਚੋਣ ਪੈਨਲ ਦੇ ਜਵਾਬੀ ਹਲਫ਼ਨਾਮੇ 'ਤੇ 10 ਦਿਨਾਂ ਦੇ ਅੰਦਰ ਜਵਾਬ ਦਾਇਰ ਕਰਨ ਲਈ ਕਿਹਾ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਰਮਨ ਚੱਢਾ
ਚੋਹਲਾ ਸਾਹਿਬ
98722-26721


ਸੁਖਵਿੰਦਰ ਸਫਰੀ
ਟੂਟੋਮਜਾਰਾ
99158-16713


ਰਮੇਸ਼ ਕਟਾਰੀਆ
ਰਾਜਪੁਰਾ
99880-13675


ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ)
94176-12036


ਹਰਬਿੰਦਰ ਸਿੰਘ ਰਾਣਾ
ਵੇਰਕਾ (ਅੰਮ੍ਰਿਤਸਰ)
98881-45991


ਗੁਰਪ੍ਰੀਤ ਭੋਗਲ
ਭੋਗਪੁਰ
94636-82748


ਨਛੱਤਰ ਸੰਧੂ
ਹਠੂਰ
98151-18229


ਤਰਸੇਮ ਸਿੰਘ ਸਾਧਪੁਰ
ਤਰਸਿੱਕਾ
99882-03163

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।
-ਜਨਰਲ ਮੈਨੇਜਰ

## ਓਵਰਡੋਜ਼ ਨਾਲ ਮੌਤ ਤੋਂ ਬਾਅਦ ਮਾਨਸਾ ਦੇ ਪਿੰਡ 'ਚ ਹੰਗਾਮਾ

**ਮਾਨਸਾ (ਨ ਜ਼ ਸ)**
ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ 'ਚ ਮੰਗਲਵਾਰ ਦੁਪਹਿਰ ਦਲਜੀਤ ਸਿੰਘ (32) ਪੁੱਤਰ ਜਰਨੈਲ ਸਿੰਘ ਦੀ ਕਥਿਤ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ। ਕੁਝ ਵਿਅਕਤੀ ਉਸ ਨੂੰ ਨਸ਼ੇ ਦੀ ਹਾਲਤ ਵਿੱਚ ਪਿੰਡ ਦੀ ਸੜਕ 'ਤੇ ਸੁੱਟ ਕੇ ਚਲੇ ਗਏ ਸਨ, ਜਿਸ ਤੋਂ ਬਾਅਦ ਪਰਵਾਰ ਅਤੇ ਪਿੰਡ ਵਾਸੀਆਂ ਨੇ ਉਸ ਦੀ ਲਾਸ਼ ਨੂੰ ਲੈ ਕੇ ਮਾਨਸਾ-ਸਿਰਸਾ ਮੁੱਖ ਮਾਰਗ 'ਤੇ ਧਰਨਾ ਲਗਾ ਦਿੱਤਾ। ਇਸ ਦੌਰਾਨ ਪਰਵਿੰਦਰ ਝੋਟਾ ਦੇ ਇਨਸਾਫ਼ ਦੀ ਮੰਗ ਨੂੰ ਲੈ ਕੇ ਚੱਲ ਰਹੇ ਧਰਨੇ ਵਿੱਚੋਂ ਝੋਟਾ ਦੇ ਪਿਤਾ ਭੀਮ ਸਿੰਘ ਫੌਜੀ, ਲੱਖਾ ਸਿਧਾਣਾ, ਮੋਹਣਜੀਤ ਸੇਰੋਂ ਅਤੇ ਹੋਰ ਜਥੇਬੰਦੀਆਂ ਦੇ ਆਗੂ ਉੱਥੇ ਪੁੱਜੇ। ਉਨ੍ਹਾਂ ਮਾਨਸਾ ਧਰਨੇ ਵਿੱਚ ਲਿਆਉਣ ਲਈ ਲਾਸ਼ ਚੁੱਕ ਲਈ, ਜਿਸ ਦੌਰਾਨ ਲੋਕਾਂ ਅਤੇ ਉਨ੍ਹਾਂ ਦੀ ਪੁਲਸ ਨਾਲ ਧੱਕਾ-ਮੁੱਕੀ ਹੋਈ। ਦਲਜੀਤ ਸਿੰਘ ਦੀ ਮ੍ਰਿਤਕ ਦੇਹ ਮਾਨਸਾ ਲਿਆਉਣ ਤੋਂ ਰੋਕਣ ਲਈ ਪੁਲਸ ਨੇ ਸਿਰਸਾ ਰੋਡ ਅਤੇ ਰਮਦਿੱਤੇਵਾਲਾ ਚੌਕ 'ਤੇ ਟਰੱਕ ਖੜ੍ਹੇ ਕਰਕੇ ਜਾਮ ਲਾ ਦਿੱਤਾ। ਦੱਸਿਆ ਗਿਆ ਹੈ ਕਿ ਦਲਜੀਤ ਨਸ਼ੇ ਦਾ ਆਦੀ ਸੀ। ਮੰਗਲਵਾਰ ਸਵੇਰੇ ਉਸ ਨੇ ਆਪਣੀ ਧੀ ਨੂੰ ਸਕੂਲ ਜਾਣ ਲਈ ਪਿੰਡ ਦੇ ਬੱਸ ਅੱਡੇ ਤੋਂ ਸਕੂਲ ਵੈਨ 'ਤੇ ਚੜ੍ਹਾਇਆ ਅਤੇ ਉੱਥੋਂ ਹੀ ਕੁਝ ਵਿਅਕਤੀਆਂ ਨਾਲ ਕਿਤੇ ਚਲਾ ਗਿਆ। ਉਸ ਦੀ ਹਾਲਤ ਵਿਗੜਦੇ ਹੀ ਉਸ ਦੇ ਸੰਗੀ ਉਸ ਨੂੰ ਪਿੰਡ ਭੰਮੇ ਕਲਾਂ ਦੇ ਬੱਸ ਅੱਡੇ ਵਾਲੀ ਸੜਕ 'ਤੇ ਸੁੱਟ ਕੇ ਚਲੇ ਗਏ, ਜਿਸ ਤੋਂ ਬਾਅਦ ਉਸ ਦੀ ਮੌਤ ਹੋ ਗਈ। ਦਲਜੀਤ ਸਿੰਘ ਦੋ ਬੱਚਿਆਂ ਦਾ ਬਾਪ ਸੀ। ਦੱਸਿਆ ਜਾ ਰਿਹਾ ਹੈ ਕਿ ਪੁਲਸ ਨੇ ਇੱਕ ਬੱਬੂ ਨਾਂਅ ਦੇ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਥਾਣਾ ਝੁਨੀਰ ਦੇ ਮੁਖੀ ਗਨੇਸ਼ਵਰ ਕੁਮਾਰ ਨੇ ਦੱਸਿਆ ਕਿ ਪੁਲਸ ਦਲਜੀਤ ਸਿੰਘ ਦੇ ਨਾਲ ਦੇ ਵਿਅਕਤੀਆਂ ਨੂੰ ਫੜਨ ਲਈ ਛਾਪੇਮਾਰੀ ਕਰ ਰਹੀ ਹੈ। ਦੇਰ ਸ਼ਾਮ ਪੁਲਸ ਨੇ ਲੱਖਾ ਸਿਧਾਣਾ, ਭਾਨਾ ਸਿੱਧੂ, ਸੇਰੋਂ ਨੂੰ ਹਿਰਾਸਤ 'ਚ ਲੈ ਲਿਆ ਸੀ।

## ਪਟਿਆਲਾ ਦੇ 28 ਵਾਰਡਾਂ 'ਚ ਮੁੜ ਚੋਣਾਂ ਲਈ ਨੋਟੀਫਿਕੇਸ਼ਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਸੁਪਰੀਮ ਕੋਰਟ ਦੇ ਫ਼ੈਸਲੇ ਦੀ ਪਾਲਣਾ ਕਰਦਿਆਂ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਨਗਰ ਨਿਗਮ ਪਟਿਆਲਾ ਦੇ 28 ਵਾਰਡਾਂ ਵਿੱਚ ਮੁੜ ਚੋਣ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਵਿਭਾਗ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਚੋਣਾਂ 18 ਨਵੰਬਰ ਤੱਕ ਮੁਕੰਮਲ ਕੀਤੀਆਂ ਜਾਣਗੀਆਂ। ਨੋਟੀਫਿਕੇਸ਼ਨ ਵਿੱਚ ਸ਼ਾਮਲ ਵਾਰਡਾਂ ਦੇ ਵੇਰਵੇ ਅਨੁਸਾਰ ਵਾਰਡ ਨੰਬਰ 1, 4, 6, 12, 14, 16, 22, 26, 28, 32, 33, 34, 36, 37, 38, 40, 41, 43, 44, 45, 46, 48, 50, 51, 52, 53, 55 ਅਤੇ 57 ਵਿਚ ਮੁੜ ਚੋਣ ਹੋਵੇਗੀ।

## ਪ੍ਰਲੇਸ ਵੱਲੋਂ ਸਕੂਲਾਂ-ਕਾਲਜਾਂ 'ਚ ਖਾਲੀ ਅਸਾਮੀਆਂ ਤੁਰੰਤ ਭਰਨ 'ਤੇ ਜ਼ੋਰ

**ਲੁਧਿਆਣਾ :** ਇਸ ਵਕਤ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀਆਂ 60 ਫ਼ੀਸਦੀ ਅਸਾਮੀਆਂ ਖ਼ਾਲੀ ਹਨ ਅਤੇ ਸਰਕਾਰੀ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵੀ 42 ਫ਼ੀਸਦੀ ਤੋਂ ਵੱਧ ਅਧਿਆਪਨ ਅਸਾਮੀਆਂ ਖ਼ਾਲੀ ਹਨ। ਜਥੇਬੰਦੀ ਦੇ ਆਗੂਆਂ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਆਗੂਆਂ ਡਾ. ਸੁਖਦੇਵ ਸਿਰਸਾ (ਕੌਮੀ ਜਨਰਲ ਸਕੱਤਰ), ਸੁਰਜੀਤ ਜੱਜ (ਸੂਬਾ ਪ੍ਰਧਾਨ), ਡਾ. ਕੁਲਦੀਪ ਸਿੰਘ ਦੀਪ (ਸੂਬਾਈ ਜਨਰਲ ਸਕੱਤਰ), ਉੱਘੇ ਚਿੰਤਕ ਡਾ. ਸਵਰਾਜਬੀਰ ਅਤੇ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਸੂਬੇ ਦੇ ਸੈਕੰਡਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਕੁੱਲ 1,927 ਮਨਜ਼ੂਰਸ਼ੁਦਾ ਅਸਾਮੀਆਂ ਵਿੱਚੋਂ 1,153 ਖ਼ਾਲੀ ਪਈਆਂ ਹਨ, ਜੋ ਲਗਭਗ 60 ਫ਼ੀਸਦੀ ਬਣਦੀਆਂ ਹਨ। ਮਾਨਸਾ ਅਤੇ ਨਵਾਂਸ਼ਹਿਰ ਵਿੱਚ 80 ਫ਼ੀਸਦੀ ਸਕੂਲ ਪ੍ਰਿੰਸੀਪਲਾਂ ਤੋਂ ਬਿਨਾਂ ਚੱਲ ਰਹੇ ਹਨ, ਜਦਕਿ ਮੋਗਾ, ਬਰਨਾਲਾ ਅਤੇ ਤਰਨ ਤਾਰਨ ਵਿੱਚ 75 ਫ਼ੀਸਦੀ ਤੋਂ ਵੱਧ ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਪ੍ਰਬੰਧਕੀ ਅਸਾਮੀਆਂ ਦੀ ਘਾਟ ਦਾ ਸਿੱਧਾ ਅਸਰ ਸਿੱਖਿਆ ਪ੍ਰਬੰਧ ਅਤੇ ਅਧਿਆਪਨ ਪ੍ਰਕਿਰਿਆ ਉਤੇ ਪੈਂਦਾ ਹੈ।ਪ੍ਰਲੇਸ ਦੇ ਆਗੂਆਂ ਡਾ. ਪਾਲ ਕੌਰ, ਡਾ. ਅਨੂਪ ਸਿੰਘ ਅਤੇ ਪ੍ਰੋ. ਬਲਦੇਵ ਸਿੰਘ ਬੱਲੀ, ਨਾਟ ਨਿਰਦੇਸ਼ਕ ਕੇਵਲ ਧਾਲੀਵਾਲ, ਰੰਗਕਰਮੀ ਡਾ. ਸਾਹਿਬ ਸਿੰਘ, ਕਹਾਣੀਕਾਰ ਕਿਰਪਾਲ ਕਜ਼ਾਕ, ਬਲਦੇਵ ਸਿੰਘ ਮੋਗਾ, ਡਾ. ਗੁਲਜ਼ਾਰ ਪੰਧੇਰ, ਡਾ. ਅਨੂਪ ਸਿੰਘ, ਰਮੇਸ਼ ਯਾਦਵ, ਜਸਪਾਲ ਮਾਨਖੇੜਾ, ਸੁਰਿੰਦਰ ਗਿੱਲ, ਦਰਸ਼ਨ ਜੋਗਾ, ਹਰਮੀਤ ਵਿਦਿਆਰਥੀ, ਸੁਖਵਿੰਦਰ ਪੱਪੀ, ਸਤਪਾਲ ਭੀਖੀ, ਜਗਪਾਲ ਚਹਿਲ, ਡਾ. ਕੁਲਬੀਰ ਮਲਿਕ, ਪ੍ਰੋ. ਅਮੀਰ ਸੁਲਤਾਨਾ, ਡਾ. ਅਰਵਿੰਦਰ ਕਾਕੜਾ, ਮਨਦੀਪ ਰਿੰਪੀ ਅਤੇ • ਬਾਕੀ ਸਫਾ 2 'ਤੇ

## ਅੱਜ-ਨਾਮਾ

ਘਪਲੇ ਨਿਕਲਦੇ ਚੋਣ ਕਮਿਸ਼ਨ ਦੇ ਵਿੱਚ,
ਚਰਚਾ ਹੁੰਦੀ ਪਈ ਗਲੀ ਬਾਜ਼ਾਰ ਮੀਆਂ।
ਕਿਧਰੇ ਵੋਟ ਅਣਹੋਇਆਂ ਦਾ ਬਣ ਜਾਂਦਾ,
ਛੱਡਦੇ ਕਿਤੇ ਜਿਉਂਦਾ ਕੋਈ ਮਾਰ ਮੀਆਂ।
ਮਿਲਦੀ ਰਾਏ ਨਹੀਂ ਚੋਣ ਕਮਿਸ਼ਨਰਾਂ ਦੀ,
ਵੱਖੋ-ਵੱਖ ਤਿੰਨਾਂ ਦੇ ਹਨ ਵਿਚਾਰ ਮੀਆਂ।
ਉਹ ਹੀ ਕੰਮ ਹੈ ਬੈਠਾ ਕਮਿਸ਼ਨ ਕਰਦਾ,
ਜਿੰਨੇ ਕੁ ਕਰਨ ਨੂੰ ਕਹੇ ਸਰਕਾਰ ਮੀਆਂ।
ਕਈਆਂ ਰਾਜਾਂ ਦੇ ਅੰਦਰ ਆ ਖੂਬ ਰੌਲਾ,
ਰੁਕਦੀ ਓਥੇ ਨਹੀਂ ਕਦੀ ਵੀ ਖੱਪ ਮੀਆਂ।
ਵੋਟਾਂ ਕੱਟਣ ਦੇ ਵਕਤ ਨਾ ਪਤਾ ਲੱਗਦਾ,
ਰੌਲਾ ਪੈਂਦਾ ਜਦ ਲੰਘ ਜਾਏ ਸੱਪ ਮੀਆਂ।

-ਤੀਸ ਮਾਰ ਖਾਂ

## ਸਵਿਸ ਮਾਡਲ ਨੇ ਟਰੰਪ 'ਤੇ ਲਾਇਆ ਰੇਪ ਦਾ ਦੋਸ਼

**ਨਿਊ ਯਾਰਕ (ਨਵਾਂ ਜ਼ਮਾਨਾ ਸਰਵਿਸ)**
ਸਾਬਕਾ ਸਵਿਸ ਮਾਡਲ ਬੀਟਰਿਸ ਕਵੈੱਲ ਨੇ ਦੋਸ਼ ਲਾਇਆ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਨੇ 1993 ਵਿੱਚ ਨਿਊ ਯਾਰਕ ਦੇ ਪਲਾਜ਼ਾ ਹੋਟਲ 'ਚ ਉਸ ਨਾਲ ਬਲਾਤਕਾਰ ਕੀਤਾ ਸੀ। ਅਮਰੀਕੀ ਕਾਂਗਰਸ ਦੇ ਡੈਮੋਕ੍ਰੇਟਿਕ ਮੈਂਬਰਾਂ ਵੱਲੋਂ ਜਾਰੀ ਕੀਤੀ ਗਈ ਇੱਕ ਨਵੀਂ ਰਿਪੋਰਟ ਮੁਤਾਬਕ ਕਵੈੱਲ ਨੇ ਕਿਹਾ ਕਿ ਘਟਨਾ ਤੋਂ ਬਾਅਦ ਉਸ ਦੇ ਸਰੀਰ ਦੇ ਕਈ ਹਿੱਸਿਆਂ ਤੋਂ ਖ਼ੂਨ ਵਹਿ ਰਿਹਾ ਸੀ ਅਤੇ ਸੱਟਾਂ ਲੱਗੀਆਂ ਹੋਈਆਂ ਸਨ।
ਕਵੈੱਲ ਨੇ 2024 ਵਿੱਚ ਟਰੰਪ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਸੀ। ਉਸ ਨੇ ਉਦੋਂ ਕਿਹਾ ਸੀ ਕਿ ਟਰੰਪ ਨੇ 1993 ਵਿੱਚ ਉਸ ਨੂੰ ਜ਼ਬਰਦਸਤੀ ਫੜਿਆ, ਉਸ ਨੂੰ ਚੁੰਮਿਆ ਅਤੇ ਉਸ ਦੇ ਕੱਪੜੇ ਉਤਾਰਨ ਦੀ ਕੋਸ਼ਿਸ਼ ਕੀਤੀ। ਹੁਣ ਨਵੀਂ ਰਿਪੋਰਟ ਵਿੱਚ ਕਵੈੱਲ ਨੇ ਕਮੇਟੀ ਸਟਾਫ ਨੂੰ ਦੱਸਿਆ ਕਿ ਟਰੰਪ ਨੇ ਉਸ ਘਟਨਾ ਵਿੱਚ ਉਸ ਦਾ ਬਲਾਤਕਾਰ ਕੀਤਾ।
ਸਾਬਕਾ ਮਿਸ ਸਵਿਟਜ਼ਰਲੈਂਡ ਕਵੈੱਲ ਮੁਤਾਬਕ ਉਹ 1993 ਵਿੱਚ ਅਮਰੀਕਨ ਡਰੀਮ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਅਮਰੀਕਾ ਗਈ ਸੀ। ਉਹ ਮੈਨਹਟਨ ਦੇ ਪਲਾਜ਼ਾ ਹੋਟਲ ਵਿੱਚ ਪੱਤਰਕਾਰਾਂ ਨਾਲ ਦੁਪਹਿਰ ਦੇ ਖਾਣੇ ਦੌਰਾਨ ਟਰੰਪ ਨੂੰ ਮਿਲੀ। ਇਸ ਤੋਂ ਬਾਅਦ ਟਰੰਪ ਦੇ ਇੱਕ ਸਹਿਯੋਗੀ ਨੇ ਉਸ ਨੂੰ ਹੋਟਲ ਦੇ ਕਮਰੇ ਵਿੱਚ ਮਿਲਣ ਲਈ ਬੁਲਾਇਆ। ਉਸ ਨੇ ਸੋਚਿਆ ਸੀ ਕਿ ਉੱਥੇ ਕੋਈ ਗੱਲਬਾਤ ਹੋਵੇਗੀ, ਪਰ ਟਰੰਪ ਨੇ ਉਸ ਨੂੰ ਕਮਰੇ ਵਿੱਚ ਪਿੱਛੇ ਤੋਂ ਫੜ ਲਿਆ ਅਤੇ ਜ਼ਬਰਦਸਤੀ ਬਲਾਤਕਾਰ ਕੀਤਾ। ਟਰੰਪ ਨੇ ਨਵੰਬਰ 1993 ਵਿੱਚ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਸਮੇਂ ਉਹ 24 ਸਾਲ ਦੀ ਸੀ।


1993 'ਚ ਮਾਡਲ ਬੀਟਰਿਸ ਕਵੈੱਲ ਅਤੇ ਟਰੰਪ ਨਿਊਯਾਰਕ ਦੇ ਪਲਾਜ਼ਾ ਹੋਟਲ 'ਚ।

ਟਰੰਪ ਨੇ ਉਸ ਨੂੰ ਚੁੱਪ ਰਹਿਣ ਲਈ ਕਿਹਾ ਸੀ। ਉਸ ਨੇ ਉਸ ਨੂੰ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਅਤੇ ਨਿਊਯਾਰਕ ਯੂਨੀਵਰਸਿਟੀ ਵਿੱਚ ਦਾਖਲਾ ਦਿਵਾਉਣ ਵਿੱਚ ਮਦਦ ਕਰਨ ਦਾ ਆਪਣਾ ਵਾਅਦਾ ਵੀ ਦੁਹਰਾਇਆ। ਇਸ ਲਈ ਟਰੰਪ ਨੇ ਆਪਣੇ ਕਰੀਬੀ ਸਹਿਯੋਗੀ ਪਾਓਲੋ ਜ਼ੈਂਪੋਲੀ ਦੀ ਮਦਦ ਲੈਣ ਦੀ ਗੱਲ ਕਹੀ ਸੀ। ਅਮਰੀਕਾ ਪਹੁੰਚਣ 'ਤੇ ਉਸ ਦਾ ਪਾਸਪੋਰਟ ਖੋਹ ਲਿਆ ਗਿਆ ਸੀ, ਇਸ ਲਈ ਉਹ ਘਟਨਾ ਤੋਂ ਬਾਅਦ ਮੁਕਾਬਲਾ ਛੱਡਣ ਵਿੱਚ ਅਸਮਰੱਥ ਸੀ।
ਸਵਿਟਜ਼ਰਲੈਂਡ ਵਾਪਸ ਆਉਣ 'ਤੇ ਉਸ ਨੇ ਕੁਝ ਹਫਤਿਆਂ ਬਾਅਦ ਹਵਾਈ ਵਿੱਚ ਹੋਣ ਵਾਲੇ ਇੱਕ ਹੋਰ ਟਰੰਪ-ਪ੍ਰਾਯੋਜਿਤ ਮੁਕਾਬਲੇ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ।
ਜਾਂਚ ਰਿਪੋਰਟ ਵਿੱਚ 3 ਹੋਰ ਔਰਤਾਂ ਦੇ ਦੋਸ਼ ਵੀ ਸ਼ਾਮਲ ਹਨ। ਸਟੇਸੀ ਵਿਲੀਅਮਜ਼ ਨੇ ਦੋਸ਼ ਲਗਾਇਆ ਕਿ ਟਰੰਪ ਨੇ ਜੈਫਰੀ ਐਪਸਟੀਨ ਦੀ ਮੌਜੂਦਗੀ ਵਿੱਚ ਉਸ ਨੂੰ ਅਣਉਚਿਤ ਢੰਗ ਨਾਲ ਛੂਹਿਆ। ਕੇਟੀ ਜੌਹਨਸਨ ਨੇ ਐੱਫ ਬੀ ਆਈ ਨੂੰ ਦੱਸਿਆ ਕਿ 1994 ਵਿੱਚ ਜਦੋਂ ਉਹ 13 ਸਾਲਾਂ ਦੀ ਸੀ, ਟਰੰਪ ਅਤੇ ਐਪਸਟੀਨ ਨੇ ਉਸ ਦਾ ਬਲਾਤਕਾਰ ਕੀਤਾ ਸੀ। ਜੇਨ ਨੇ • ਬਾਕੀ ਸਫਾ 2 'ਤੇ

## 14 ਪਿਸਤੌਲ ਤੇ 20 ਕਿਲੋ ਹੈਰੋਇਨ ਨਾਲ ਫੌਜੀ ਸਣੇ 7 ਗ੍ਰਿਫਤਾਰ

**ਅੰਮ੍ਰਿਤਸਰ/ਅਟਾਰੀ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ/ਸਤਬੀਰ ਭੀਲ)**
ਅੰਮ੍ਰਿਤਸਰ ਦਿਹਾਤੀ ਪੁਲਸ ਨੇ 14 ਅਤਿ-ਆਧੁਨਿਕ ਪਿਸਤੌਲਾਂ ਅਤੇ 20 ਕਿਲੋ 130 ਗ੍ਰਾਮ ਹੈਰੋਇਨ ਨਾਲ ਫ਼ੌਜੀ ਜਵਾਨ ਸਮੇਤ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਗ਼ੈਰ-ਕਾਨੂੰਨੀ ਹਥਿਆਰ ਅਤੇ ਨਸ਼ਾ ਤਸਕਰੀ ਕਰਨ ਵਾਲੇ ਚਾਰ ਵੱਖ-ਵੱਖ ਨੈੱਟਵਰਕਾਂ ਦਾ ਪਰਦਾ ਫਾਸ਼ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਉਦੈ (19) ਅਤੇ ਪਤਰਸ (19) ਦੋਵੇਂ ਵਾਸੀ ਮਸਤਗੜ੍ਹ, ਤਰਨ ਤਾਰਨ, ਫ਼ੌਜੀ ਜਵਾਨ ਯੁੱਧਵੀਰ ਸਿੰਘ (22) ਵਾਸੀ ਪਿੰਡ ਰਾਣੀਕੇ, ਸਾਜਨ ਸਿੰਘ (19) ਅਤੇ ਸਾਹਿਲਪ੍ਰੀਤ (20) ਦੋਵੇਂ ਵਾਸੀ ਨਾਰਾਇਣਗੜ੍ਹ, ਜਰਮਨਜੋਤ ਸਿੰਘ (20) ਵਾਸੀ ਪਿੰਡ ਸਿਆਲਕਾ ਅਤੇ ਸਾਹਿਬਨੂਰ ਸਿੰਘ (21) ਵਾਸੀ ਜੁਝਾਰ ਸਿੰਘ ਨਗਰ, ਬਟਾਲਾ ਵਜੋਂ ਹੋਈ ਹੈ।
ਆਈ ਜੀ ਪੀ ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪਹਿਲੇ ਅਪ੍ਰੇਸ਼ਨ ਵਿੱਚ ਥਾਣਾ ਘਰਿੰਡਾ ਦੀਆਂ ਟੀਮਾਂ ਨੇ ਪੁਖ਼ਤਾ ਇਤਲਾਹ 'ਤੇ ਕਾਰਵਾਈ ਕਰਦਿਆਂ ਉਦੈ ਅਤੇ ਪਤਰਸ ਨੂੰ ਉਸ ਵੇਲੇ ਕਾਬੂ ਕੀਤਾ, ਜਦੋਂ ਉਹ ਡਰੋਨ ਰਾਹੀਂ ਭੇਜੀ ਗਈ 10 ਪਿਸਤੌਲਾਂ ਦੀ ਖੇਪ, ਜਿਸ ਵਿੱਚ ਇੱਕ 9 ਐੱਮ ਐੱਮ ਅਤੇ ਨੌਂ .30 ਬੋਰ ਪਿਸਤੌਲ ਸ਼ਾਮਲ ਸਨ, ਪ੍ਰਾਪਤ ਕਰਕੇ ਖੇਮਕਰਨ ਵੱਲ ਜਾ ਰਹੇ ਸਨ। ਇਹ ਦੋਵੇਂ ਮੁਲਜ਼ਮ ਇਸ ਤੋਂ ਪਹਿਲਾਂ ਵੀ ਹਥਿਆਰਾਂ ਦੀਆਂ ਘੱਟੋ-ਘੱਟ 20-25 ਖੇਪਾਂ ਪ੍ਰਾਪਤ ਕਰਕੇ ਅੱਗੇ ਸਪਲਾਈ ਕਰ ਚੁੱਕੇ ਹਨ।
ਦੂਜੇ ਅਪ੍ਰੇਸ਼ਨ ਵਿੱਚ ਸੀ ਆਈ ਏ ਅੰਮ੍ਰਿਤਸਰ ਦਿਹਾਤੀ ਅਤੇ ਥਾਣਾ ਘਰਿੰਡਾ ਦੇ ਐੱਸ ਐੱਚ ਓ ਦੀ ਸਾਂਝੀ ਟੀਮ ਨੇ ਛੁੱਟੀ 'ਤੇ ਘਰ ਆਏ ਇੱਕ ਫ਼ੌਜੀ • ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ
ਬੁੱਧਵਾਰ, 28 ਅਕਤੂਬਰ 2026

# ਸ਼ਾਂਤੀ ਬਾਂਡ

ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਏ ਆਈ ਐੱਸ ਏ) ਦੀ ਪ੍ਰਧਾਨ ਨੇਹਾ ਬੋਰਾ ਨੇ ਦਿੱਲੀ ਪੁਲਸ ਦੇ 'ਸ਼ਾਂਤੀ ਬਾਂਡ' ਉੱਤੇ ਦਸਤਖਤ ਕਰਨ ਤੋਂ ਇਨਕਾਰ ਕਰਕੇ ਇਹ ਬਹਿਸ ਛੇੜ ਦਿੱਤੀ ਹੈ ਕਿ ਸ਼ਾਂਤੀ ਕੀ ਹੈ? ਸਿਰਫ ਇਹ ਹੀ ਨਹੀਂ, ਸਗੋਂ ਇਸ ਬਾਰੇ ਵੀ ਕਿ ਲੋਕਤੰਤਰ ਕੀ ਹੈ? ਕੀ ਪੁਲਸ ਜਾਂ ਰਾਜ ਦੀ ਸ਼ਾਂਤੀ ਦੀ ਪਰਿਭਾਸ਼ਾ ਅਜਿਹੀ ਸ਼ਾਂਤੀ ਹੈ, ਜੋ ਲੋਕਾਂ ਨੂੰ ਲਾਭ ਪਹੁੰਚਾਉਂਦੀ ਹੈ? ਜਾਂ ਕੀ ਸਰਕਾਰ ਆਪਣੇ ਹਿੱਤ ਲਈ ਸ਼ਾਂਤੀ ਭਾਲਦੀ ਹੈ? ਜਦੋਂ ਲੋਕਾਂ ਦੀ ਸ਼ਾਂਤੀ ਅਤੇ ਖੁਸ਼ੀ ਖੋਹ ਲਈ ਜਾਂਦੀ ਹੈ, ਜਦੋਂ ਉਨ੍ਹਾਂ ਦੀਆਂ ਅੱਖਾਂ ਤੋਂ ਨੀਂਦ ਉੱਡ ਜਾਂਦੀ ਹੈ ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ? ਜਦੋਂ ਉਨ੍ਹਾਂ ਦੀਆਂ ਬੇਨਤੀਆਂ ਨਹੀਂ ਸੁਣੀਆਂ ਜਾਂਦੀਆਂ, ਤਾਂ ਕੀ ਉਨ੍ਹਾਂ ਨੂੰ ਚੀਕਣਾ ਨਹੀਂ ਚਾਹੀਦਾ? ਕੀ ਉਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਉਨ੍ਹਾਂ ਕੋਲ ਬਿਲਕੁਲ ਵੀ ਸ਼ਾਂਤੀ ਨਹੀਂ ਹੈ ਅਤੇ ਇਸ ਦਾ ਕਾਰਨ ਸਰਕਾਰ ਦੇ ਫੈਸਲੇ ਅਤੇ ਉਸ ਦੀਆਂ ਕਾਰਵਾਈਆਂ ਹਨ? ਸਰਕਾਰ ਜਾਣਦੀ ਹੈ ਕਿ ਲੋਕ ਬੇਚੈਨ ਕਿਉਂ ਹਨ, ਪਰ ਉਹ ਨਹੀਂ ਚਾਹੁੰਦੀ ਕਿ ਇਹ ਦੁਨੀਆ ਦੇ ਸਾਹਮਣੇ ਆਵੇ। ਉਹ ਕਿਸੇ ਵੀ ਤਰ੍ਹਾਂ ਦੀ ਗੜਬੜ ਨਹੀਂ ਚਾਹੁੰਦੀ।

ਤਾਂ ਕੀ ਲੋਕਾਂ ਨੂੰ ਸਰਕਾਰ ਦੀ ਸ਼ਾਂਤੀ ਲਈ ਆਪਣੇ ਬੁੱਲ੍ਹ ਬੰਦ ਰੱਖਣੇ ਚਾਹੀਦੇ ਹਨ? ਕੀ ਉਨ੍ਹਾਂ ਨੂੰ ਆਪਣੇ ਹੱਕ ਨਹੀਂ ਮੰਗਣੇ ਚਾਹੀਦੇ? ਕੀ ਉਨ੍ਹਾਂ ਨੂੰ ਆਪਣੀ ਆਵਾਜ਼ ਨਹੀਂ ਚੁੱਕਣੀ ਚਾਹੀਦੀ ਕਿਉਂਕਿ ਇਹ ਸਰਕਾਰ ਦੇ ਕੰਮ ਵਿੱਚ ਵਿਘਨ ਪਾਉਂਦਾ ਹੈ? ਨੇਹਾ ਬੋਰਾ ਨੇ ਬੁਨਿਆਦੀ ਸਵਾਲ ਉਠਾਇਆ ਹੈ: ਲੋਕਤੰਤਰ ਵਿੱਚ ਕਿਸ ਦੀ ਸ਼ਾਂਤੀ ਜ਼ਿਆਦਾ ਕੀਮਤੀ ਹੈ? ਜੇ ਲੋਕਾਂ ਨੂੰ ਸ਼ਾਂਤੀ ਨਾ ਹੋਵੇ ਤਾਂ ਸਰਕਾਰ ਕਿਉਂ ਚੈਨ ਨਾਲ ਰਹੇ? ਸਰਕਾਰ ਲੋਕਾਂ ਨੂੰ ਕਹਿੰਦੀ ਹੈ ਕਿ ਕਿਉਂਕਿ ਉਨ੍ਹਾਂ ਨੇ ਹੀ ਉਸ ਨੂੰ ਚੁਣਿਆ ਹੈ, ਇਸ ਲਈ ਉਸ ਨੂੰ ਪੰਜ ਸਾਲਾਂ ਤੱਕ ਸ਼ਾਂਤੀ ਨਾਲ ਉਹ ਕਰਨ ਦੇਣ, ਜੋ ਉਹ ਕਰਨਾ ਚਾਹੁੰਦੀ ਹੈ। ਵਿੱਚ ਨਾ ਬੋਲਣ। ਉਨ੍ਹਾਂ ਨੂੰ ਸਿਰਫ ਬੂਥ 'ਤੇ ਵੋਟਾਂ ਰਾਹੀਂ ਬੋਲਣ ਦਾ ਹੱਕ ਹੈ।

ਵੋਟਿੰਗ ਇੱਕ ਪ੍ਰਗਟਾਵਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਲੋਕ ਚੋਣਾਂ ਵਿਚਾਲੇ ਬੋਲ ਨਹੀਂ ਸਕਦੇ। ਲੋਕਤੰਤਰ ਇਹ ਨਹੀਂ ਹੈ। ਲੋਕਤੰਤਰ ਲੋਕਾਂ ਦੀ ਨਿਰੰਤਰ ਸਰਗਰਮੀ ਨਾਲ ਬਣਦਾ ਹੈ। ਉਹ ਜਿਹੜੀ ਸਰਕਾਰ ਚੁਣਦੇ ਹਨ, ਉਸ ਦੇ ਕੰਮ 'ਤੇ ਨਜ਼ਰ ਰੱਖਣਾ, ਉਸ ਨੂੰ ਪਰਖਣਾ, ਗਲਤ ਲੱਗਣ 'ਤੇ ਸਵਾਲ ਚੁੱਕਣਾ ਅਤੇ ਸਵਾਲ ਨਾ ਸੁਣੇ ਜਾਣ 'ਤੇ ਆਪਣਾ ਪ੍ਰੋਟੈੱਸਟ ਜ਼ਾਹਰ ਕਰਨਾ, ਇਹ ਲੋਕਾਂ ਦਾ ਕੰਮ ਹੈ। ਇਸ ਤਰ੍ਹਾਂ, ਲੋਕ ਲੋਕਤੰਤਰ ਨੂੰ ਇੱਕ ਚੁਣੀ ਹੋਈ ਰਾਜਸ਼ਾਹੀ ਵਿੱਚ ਬਦਲਣ ਤੋਂ ਰੋਕਦੇ ਹਨ।

'ਸ਼ਾਂਤੀ ਬਾਂਡ' ਰਾਹੀਂ ਸਰਕਾਰ ਲੋਕਾਂ ਨੂੰ ਚੁੱਪ ਕਰਵਾਉਣਾ ਚਾਹੁੰਦੀ ਹੈ। ਸਰਕਾਰ ਕੋਲ ਤਾਂ ਪੁਲਸ ਫੋਰਸ, ਡੰਡੇ ਅਤੇ ਗੋਲੀਆਂ ਹਨ, ਜਦੋਂ ਕਿ ਲੋਕਾਂ ਕੋਲ ਸਿਰਫ ਉਨ੍ਹਾਂ ਦੀ ਆਵਾਜ਼ ਹੈ। ਪਰ ਇਸ ਆਵਾਜ਼ ਵਿੱਚ ਸਰਕਾਰ ਨੂੰ ਹਿਲਾਉਣ ਦੀ ਸ਼ਕਤੀ ਹੈ। ਇਸ ਲਈ ਸਰਕਾਰ ਚਾਹੁੰਦੀ ਹੈ ਕਿ ਲੋਕ ਚੁੱਪ ਰਹਿਣ ਦਾ ਵਾਅਦਾ ਕਰਨ।

ਨੇਹਾ ਬੋਰਾ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਸਾਡੇ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਲੋਕ ਆਪਣੀ ਖੁਦਮੁਖਤਿਆਰੀ ਸਿਰਫ ਇਸ ਤਰ੍ਹਾਂ ਦੇ ਇਨਕਾਰ ਨਾਲ ਹੀ ਪ੍ਰਾਪਤ ਕਰ ਸਕਦੇ ਹਨ। ਨੇਹਾ ਨੇ ਸਪੱਸ਼ਟ ਤੌਰ 'ਤੇ ਕਿਹਾ, "ਇਹ ਸ਼ਾਂਤੀ ਸਰਕਾਰ ਲਈ ਨਹੀਂ ਹੋ ਸਕਦੀ। ਅਸਹਿਮਤੀ ਪ੍ਰਗਟ ਕਰਨ ਦਾ ਅਧਿਕਾਰ ਜਾਰੀ ਰਹੇਗਾ।"

## ਕਲਮਕਾਰ ਕਿ ਠੂੰਗੇਮਾਰ

ਵਕਤ ਗੁਜ਼ਰਿਆ ਕਲਮ ਤੇ ਪੈੱਨ ਵਾਲਾ,
ਨਵੇਂ ਢੰਗ ਅਪਣਾ ਲਏ ਲਿਖਾਰੀਆਂ ਨੇ।
ਖੁਸ਼ਖਤ 'ਲਿਖਾਈਆਂ' ਦੀ ਕਦਰ ਮੁੱਕੀ,
ਆ ਗਏ 'ਫੌਂਟ' ਦਵਾਤਾਂ ਵਿਸਾਰੀਆਂ ਨੇ।
ਕੀ-ਬੋਰਡ 'ਤੇ ਉਂਗਲੀਆਂ ਨੱਚਦੀਆਂ ਨੇ,
ਉੱਥੋਂ ਪੈਂਦੀਆਂ ਬਿੰਦੀਆਂ, ਸਿਹਾਰੀਆਂ ਨੇ।
ਵਹੀ-ਖਾਤੇ 'ਕੰਪਿਊਟਰ' ਦੇ ਪੇਟ ਪੈ ਗਏ,
ਪੇਪਰ-ਲੈੱਸ ਦੀਆਂ ਜਾਣੋ ਤਿਆਰੀਆਂ ਨੇ।
ਜਿਹੜੀ ਚੀਜ਼ ਦੀ ਵਰਤੋਂ ਨਾ ਹੋਏ ਬਹੁਤੀ,
ਓਸ ਵਸਤੂ ਦਾ 'ਨਵਾਂ ਨਾਂ' ਪਾਈਦਾ ਏ।
ਕਲਮਕਾਰ ਦਾ ਸ਼ਬਦ ਨ੍ਹੀਂ ਠੀਕ ਲਗਦਾ,
'ਠੂੰਗੇ-ਮਾਰ' ਹੁਣ ਆਖਣਾ ਚਾਹੀਦਾ ਏ!

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਬਦਲਦੇ ਵਿਸ਼ਵ ਪ੍ਰਬੰਧ ਦਰਮਿਆਨ ਪ੍ਰਮਾਣੂ ਖ਼ਤਰੇ


ਡਾ. ਅਰੁਣ ਮਿਤਰਾ

ਪੱਛਮੀ ਏਸ਼ੀਆ ਵਿੱਚ ਵਧ ਰਹੇ ਟਕਰਾਅ ਨੇ ਇੱਕ ਵੱਡੇ ਯੁੱਧ ਦੀ ਸੰਭਾਵਨਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਰ-ਵਾਰ ਈਰਾਨ ਵਿਰੁੱਧ ਧਮਕੀਆਂ ਦਿੱਤੀਆਂ ਹਨ ਅਤੇ ਕਈ ਵਾਰ ਉਸ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੀ ਗੱਲ ਵੀ ਕਹੀ ਹੈ। ਇਹ ਬਿਆਨ ਦਬਾਅ ਪਾਉਣ ਲਈ ਦਿੱਤੀ ਜਾ ਰਹੀ ਬਿਆਨਬਾਜ਼ੀ ਹਨ ਜਾਂ ਕਿਸੇ ਹੋਰ ਫ਼ੌਜੀ ਕਾਰਵਾਈ ਦਾ ਸੰਕੇਤ, ਇਹ ਦੇਖਣਾ ਅਜੇ ਬਾਕੀ ਹੈ। ਹਾਲ ਹੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮਾਰਕੋ ਰੂਬੀਓ ਵੱਲੋਂ ਈਰਾਨ ਨੂੰ ਸਿੱਧੇ ਤੌਰ 'ਤੇ ਦਿੱਤੀ ਗਈ ਧਮਕੀ ਅਮਰੀਕੀ ਪ੍ਰਸ਼ਾਸਨ ਦੇ ਹੰਕਾਰ ਨੂੰ ਦਰਸਾਉਂਦੀ ਹੈ। ਅਜਿਹੀ ਸਥਿਤੀ ਵਿੱਚ ਦੁਨੀਆ ਹੱਥ 'ਤੇ ਹੱਥ ਰੱਖ ਕੇ ਨਹੀਂ ਬੈਠ ਸਕਦੀ।

ਵੱਖ-ਵੱਖ ਸਰੋਤਾਂ ਤੋਂ ਮਿਲ ਰਹੀ ਜਾਣਕਾਰੀ ਅਨੁਸਾਰ ਈਰਾਨ ਅਮਰੀਕਾ ਅਤੇ ਇਜ਼ਰਾਈਲ ਦੇ ਸਾਂਝੇ ਹਮਲੇ ਦੀ ਇੱਕ ਹੋਰ ਸੰਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਤਿਆਰੀ ਕਰ ਰਿਹਾ ਹੈ। ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਜ਼ਰਾਈਲ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਦਾ ਹੈ ਤਾਂ ਈਰਾਨ ਦੱਖਣ-ਪੂਰਬੀ ਇਜ਼ਰਾਈਲ ਵਿੱਚ ਦਿਮੋਨਾ ਸ਼ਹਿਰ ਦੇ ਨੇੜੇ ਨੇਗੇਵ ਮਾਰੂਥਲ ਵਿੱਚ ਸਥਿਤ ਇਜ਼ਰਾਈਲੀ ਪ੍ਰਮਾਣੂ ਟਿਕਾਣੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ। ਬ੍ਰਾਜ਼ੀਲ ਦੇ ਪੱਤਰਕਾਰ ਐਮਿਲਿਓ 'ਪੇਪੇ' ਐਸਕੋਬਾਰ ਨੇ ਡਿਜੀਟਲ ਪ੍ਰਸਾਰਨ ਚੈਨਲ 'ਟ੍ਰਾਂਜ਼ਿਸ਼ਨ ਪ੍ਰੋਟੋਕੋਲ' ਉੱਤੇ ਜ਼ੁਲਫ਼ਿਕਾਰ ਅਲੀ ਨਾਲ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਈਰਾਨ ਨੇ ਲਗਭਗ 400 ਨਿਸ਼ਾਨੇ ਤੈਅ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਖਾੜੀ ਖੇਤਰ ਵਿੱਚ ਸਥਿਤ ਅਮਰੀਕੀ ਫ਼ੌਜੀ ਅੱਡਿਆਂ ਤੋਂ ਲੈ ਕੇ ਹਿੰਦ ਮਹਾਂਸਾਗਰ ਤੱਕ ਦੇ ਨਿਸ਼ਾਨੇ ਸ਼ਾਮਲ ਹਨ। ਇਸ ਦੌਰਾਨ ਹਬਰੋਨ ਨੇੜੇ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਇਜ਼ਰਾਈਲ ਵੱਲੋਂ ਕਬਜ਼ੇ ਹੇਠਲੇ ਪੱਛਮੀ ਕੰਢੇ ਵਿੱਚ ਕਥਿਤ ਤੌਰ 'ਤੇ ਲਾਈ ਗਈ ਪਾਬੰਦੀ ਅਤੇ ਅਮਰੀਕੀ ਯੁੱਧ ਮੰਤਰੀ ਪੀਟ ਹੇਗਸੇਥ ਦੀ ਹਾਲੀਆ ਇਜ਼ਰਾਈਲ ਫੇਰੀ ਵੀ ਗੰਭੀਰ ਜਾਂਚ-ਪੜਤਾਲ ਦੀ ਮੰਗ ਕਰਦੀ ਹੈ।

ਈਰਾਨ ਦੇ ਵਿਰੋਧ ਨੇ ਅਮਰੀਕੀ ਫ਼ੌਜੀ ਤਾਕਤ ਦੀਆਂ ਸੀਮਾਵਾਂ ਨੂੰ ਉਜਾਗਰ ਕੀਤਾ ਹੈ। ਹੋਰਮੁਜ਼ ਜਲਡਮਰੂ ਰਾਹੀਂ ਸਮੁੰਦਰੀ ਆਵਾਜਾਈ ਵਿੱਚ ਵਿਘਨ ਪੈਣ ਕਾਰਨ ਵਿਸ਼ਵ ਪੱਧਰ 'ਤੇ ਊਰਜਾ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ ਅਤੇ ਆਰਥਿਕ ਦਬਾਅ ਵਧਿਆ ਹੈ। ਡੀਜ਼ਲ ਸਮੇਤ ਬਾਲਣ ਦੀ ਸਪਲਾਈ ਨਾਲ ਜੁੜੀਆਂ ਕਥਿਤ ਮੁਸ਼ਕਲਾਂ ਵਾਸ਼ਿੰਗਟਨ ਦੀਆਂ ਨੀਤੀਆਂ ਦੇ ਆਰਥਿਕ ਨਤੀਜਿਆਂ ਬਾਰੇ ਸਵਾਲ ਖੜ੍ਹੇ ਕਰਦੀਆਂ ਹਨ।

ਕਿਹਾ ਜਾਂਦਾ ਹੈ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵਾਸ਼ਿੰਗਟਨ ਨੂੰ ਯਕੀਨ ਦਿਵਾਇਆ ਸੀ ਕਿ ਈਰਾਨ ਕੁਝ ਹੀ ਦਿਨਾਂ ਵਿੱਚ ਆਤਮ-ਸਮਰਪਣ ਕਰ ਦੇਵੇਗਾ। ਇਸੇ ਕਾਰਨ ਅਮਰੀਕਾ ਈਰਾਨ ਵਿਰੁੱਧ ਇਜ਼ਰਾਈਲ ਦੀ ਹਮਲਾਵਰ ਕਾਰਵਾਈ ਵਿੱਚ ਸ਼ਾਮਲ ਹੋ ਗਿਆ। ਇਸ ਨਾਲ ਟਕਰਾਅ ਹੋਰ ਤਿੱਖਾ ਹੋ ਗਿਆ। ਫ਼ੌਜੀ ਪੱਖੋਂ ਵਧੇਰੇ ਤਾਕਤਵਰ ਹੋਣ ਦੇ ਬਾਵਜੂਦ ਅਮਰੀਕਾ ਉਹ ਨਿਰਣਾਇਕ ਨਤੀਜਾ ਹਾਸਲ ਨਹੀਂ ਕਰ ਸਕਿਆ, ਜਿਸ ਦੀ ਉਮੀਦ ਉਸ ਨੇ ਅਤੇ ਇਜ਼ਰਾਈਲ ਨੇ ਕੀਤੀ ਸੀ। ਖਾੜੀ ਦੇਸ਼ਾਂ ਵਿੱਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ ਉੱਤੇ ਈਰਾਨੀ ਹਮਲਿਆਂ ਕਾਰਨ ਕਾਫ਼ੀ ਨੁਕਸਾਨ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ।

ਈਰਾਨ ਨਾਲ ਕੂਟਨੀਤਕ ਸਮਝੌਤੇ ਤੋਂ ਟਰੰਪ ਦਾ ਪਿੱਛੇ ਹਟਣਾ, ਸ਼ਾਂਤੀ ਦੀਆਂ ਸੰਭਾਵਨਾਵਾਂ ਨੂੰ ਹੋਰ ਕਮਜ਼ੋਰ ਕਰ ਗਿਆ। ਹੂਤੀ ਬਾਗੀਆਂ ਵੱਲੋਂ ਸਾਊਦੀ ਅਰਬ 'ਤੇ ਕੀਤੇ ਗਏ ਹਮਲਿਆਂ ਅਤੇ ਬਾਬ ਅਲ-ਮੰਦਬ ਜਲਡਮਰੂ ਤੇ ਲਾਲ ਸਾਗਰ ਰਾਹੀਂ ਸਮੁੰਦਰੀ ਆਵਾਜਾਈ ਵਿੱਚ ਪਾਏ ਗਏ ਵਿਘਨ ਨੇ ਸਾਊਦੀ ਅਰਬ 'ਤੇ ਗੰਭੀਰ ਪ੍ਰਭਾਵ ਪਾਇਆ ਹੈ।

ਬਦਲਦੇ ਵਿਸ਼ਵ ਪ੍ਰਬੰਧ ਦੇ ਕਈ ਸਪੱਸ਼ਟ ਸੰਕੇਤ ਮਿਲ ਰਹੇ ਹਨ। ਬ੍ਰਿਕਸ (BRICS) ਦਾ ਉਭਾਰ ਅਤੇ ਚੀਨ ਦੀ 'ਬੈੱਲਟ ਐਂਡ ਰੋਡ ਪਹਿਲਕਦਮੀ' (Belt and Road Initiative), ਜਿਸ ਵਿੱਚ ਵੱਖ-ਵੱਖ ਮਹਾਂਦੀਪਾਂ ਦੇ ਲਗਭਗ 150 ਸਰਗਰਮ ਮੈਂਬਰ ਦੇਸ਼ ਸ਼ਾਮਲ ਹਨ, ਇਸ ਤਬਦੀਲੀ ਦੇ ਅਹਿਮ ਪਹਿਲੂ ਹਨ। ਅਮਰੀਕਾ ਅਤੇ ਪਹਿਲਾਂ ਦੀਆਂ ਬਸਤੀਵਾਦੀ ਤਾਕਤਾਂ ਇਸ ਨਵੀਂ ਹਕੀਕਤ ਨੂੰ ਸਵੀਕਾਰ ਨਹੀਂ ਕਰ ਪਾ ਰਹੀਆਂ। ਅਮਰੀਕਾ ਵਿਸ਼ਵ ਵਪਾਰ ਸੰਗਠਨ (WTO) ਦੇ ਨਿਯਮਾਂ ਦੀ ਉਲੰਘਣਾ ਕਰਨ ਅਤੇ ਆਪਣੀ ਮਰਜ਼ੀ ਨਾਲ ਵੱਖ-ਵੱਖ ਦੇਸ਼ਾਂ ਉੱਤੇ ਪਾਬੰਦੀਆਂ ਤੇ ਟੈਰਿਫ਼ ਲਾਉਣ ਰਾਹੀਂ ਦੁਨੀਆ ਉੱਤੇ ਆਪਣੀਆਂ ਸ਼ਰਤਾਂ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮੌਜੂਦਾ ਭਾਰਤ ਸਰਕਾਰ ਅਮਰੀਕਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦੀ ਇੱਛਾ ਰੱਖਦੀ ਹੈ, ਭਾਵੇਂ ਅਮਰੀਕਾ ਭਾਰਤ ਉੱਤੇ ਆਪਣੀਆਂ ਸ਼ਰਤਾਂ ਥੋਪਦਾ ਰਹਿੰਦਾ ਹੈ। ਡੋਨਾਲਡ ਟਰੰਪ ਵਾਰ-ਵਾਰ ਇਹ ਕਹਿ ਕੇ ਭਾਰਤ ਨੂੰ ਨੀਵਾਂ ਦਿਖਾਉਂਦਾ ਰਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਉਸ ਦੀ ਦਖ਼ਲਅੰਦਾਜ਼ੀ ਕਾਰਨ ਰੁਕੀ ਸੀ। ਉਹ ਉਸ ਵਿਸ਼ੇਸ਼ ਦੋਸਤੀ ਨੂੰ ਵੀ ਕੋਈ ਅਹਿਮੀਅਤ ਨਹੀਂ ਦਿੰਦਾ, ਜਿਸ ਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰ-ਵਾਰ ਜ਼ਿਕਰ ਕਰਦੇ ਹਨ।

ਇਸ ਵਿਆਪਕ ਭੂ-ਰਾਜਨੀਤਕ ਸੰਦਰਭ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਭਾਰਤ ਫੇਰੀ ਮਹੱਤਵਪੂਰਨ ਬਣ ਜਾਂਦੀ ਹੈ। ਉਨ੍ਹਾ ਦੇ ਦੌਰੇ ਦੇ ਪ੍ਰੋਗਰਾਮ ਵਿੱਚ ਨਵੀਂ ਦਿੱਲੀ ਵਿੱਚ ਰਸਮੀ ਗੱਲਬਾਤ ਨਾਲ ਸ਼ੁਰੂਆਤ ਕਰਨ ਦੀ ਬਜਾਏ ਮੁੰਬਈ ਅਤੇ ਜਾਮਨਗਰ ਨੂੰ ਸ਼ਾਮਲ ਕੀਤਾ ਗਿਆ। ਇਸ ਨਾਲ ਇਸ ਦੌਰੇ ਦੇ ਉਦੇਸ਼ ਅਤੇ ਇਸ ਦੇ ਤਰੀਕੇ ਬਾਰੇ ਸਵਾਲ ਖੜ੍ਹੇ ਹੋਏ ਹਨ।

ਰਿਪੋਰਟਾਂ ਅਨੁਸਾਰ ਰੂਬੀਓ ਦੀ ਮੇਜ਼ਬਾਨੀ ਕਾਰਪੋਰੇਟ ਜਗਤ ਦੇ ਪ੍ਰਮੁੱਖ ਵਿਅਕਤੀ ਮੁਕੇਸ਼ ਅੰਬਾਨੀ ਨੇ ਕੀਤੀ। ਇਹ ਵੀ ਸਾਹਮਣੇ ਆਇਆ ਕਿ ਇਸ ਦੌਰੇ ਬਾਰੇ ਜਾਣਕਾਰੀ ਭਾਰਤ ਸਰਕਾਰ ਵੱਲੋਂ ਪਹਿਲਾਂ ਜਨਤਕ ਐਲਾਨ ਕੀਤੇ ਜਾਣ ਦੀ ਬਜਾਏ ਅਮਰੀਕੀ ਪੱਖ ਵੱਲੋਂ ਸਾਹਮਣੇ ਆਈ। ਏਨੇ ਸੀਨੀਅਰ ਅਮਰੀਕੀ ਅਧਿਕਾਰੀ ਦਾ ਦੌਰਾ ਕੌਮੀ ਰਾਜਧਾਨੀ ਤੋਂ ਬਾਹਰ ਹੋਣ ਵਾਲੀਆਂ ਮੁਲਾਕਾਤਾਂ ਦੇ ਆਲੇ-ਦੁਆਲੇ ਕਿਉਂ ਤੈਅ ਕੀਤਾ ਗਿਆ? ਕੀ ਭਾਰਤ ਸਰਕਾਰ ਦੀਆਂ ਤਰਜੀਹਾਂ ਅਤੇ ਕੂਟਨੀਤਕ ਪ੍ਰੋਟੋਕੋਲ ਦਾ ਢੁਕਵਾਂ ਸਤਿਕਾਰ ਕੀਤਾ ਗਿਆ?

ਪੈਟਰੋਲੀਅਮ ਰਿਫ਼ਾਈਨਿੰਗ ਵਿੱਚ ਨਿਵੇਸ਼ ਅਤੇ ਟੈਕਸਸ ਵਿੱਚ ਇੱਕ ਸੰਭਾਵੀ ਪਲਾਂਟ ਸਥਾਪਤ ਕਰਨ ਬਾਰੇ ਚਰਚਾ ਦੀਆਂ ਰਿਪੋਰਟਾਂ ਨੇ ਅਜਿਹੇ ਸਮੇਂ ਜਦੋਂ ਭਾਰਤ ਨੂੰ ਵੱਡੇ ਵਿਦੇਸ਼ੀ ਨਿਵੇਸ਼ ਦੀ ਲੋੜ ਹੈ, ਕਈ ਤਰ੍ਹਾਂ ਦੀਆਂ ਚਰਚਾਵਾਂ ਨੂੰ ਜਨਮ ਦਿੱਤਾ ਹੈ। ਇਹ ਦਾਅਵੇ ਕਿ ਅੰਬਾਨੀ ਟੈਕਸਸ ਅਤੇ ਵੈਨੇਜ਼ੁਏਲਾ ਵਿੱਚ 300 ਅਰਬ ਡਾਲਰ ਦਾ ਨਿਵੇਸ਼ ਕਰ ਸਕਦੇ ਹਨ, ਸੁਤੰਤਰ ਜਾਂਚ ਅਤੇ ਸਪੱਸ਼ਟੀਕਰਨ ਦੀ ਮੰਗ ਕਰਦੇ ਹਨ। ਇਸੇ ਤਰ੍ਹਾਂ ਇਹ ਰਿਪੋਰਟਾਂ ਵੀ ਚਿੰਤਾ ਦਾ ਵਿਸ਼ਾ ਹਨ ਕਿ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਰੂਬੀਓ ਨਾਲ ਮੁਲਾਕਾਤ ਕਰਨ ਲਈ ਮੁੰਬਈ ਜਾਣ ਲਈ ਕਿਹਾ। ਜੇਕਰ ਇਹ ਰਿਪੋਰਟਾਂ ਸਹੀ ਹਨ, ਤਾਂ ਇਨ੍ਹਾਂ ਹਾਲਤਾਂ ਬਾਰੇ ਕੂਟਨੀਤਕ ਪ੍ਰੋਟੋਕੋਲ ਅਤੇ ਆਪਸੀ ਸਤਿਕਾਰ ਦੇ ਸੰਦਰਭ ਵਿੱਚ ਜਾਇਜ਼ ਸਵਾਲ ਉੱਠਦੇ ਹਨ।

ਭਾਰਤ-ਪਾਕਿਸਤਾਨ ਟਕਰਾਅ, ਵਪਾਰਕ ਟੈਰਿਫ਼ਾਂ ਅਤੇ ਭਾਰਤ ਵੱਲੋਂ ਰੂਸੀ ਤੇਲ ਦੀ ਖ਼ਰੀਦ ਬਾਰੇ ਰਾਸ਼ਟਰਪਤੀ ਟਰੰਪ ਦੇ ਜਨਤਕ ਬਿਆਨਾਂ ਦੇ ਬਾਵਜੂਦ ਮੋਦੀ ਸਰਕਾਰ ਵਾਸ਼ਿੰਗਟਨ ਨਾਲ ਨੇੜਲੇ ਸੰਬੰਧ ਬਣਾਈ ਰੱਖ ਰਹੀ ਹੈ। ਜਦੋਂ ਅਮਰੀਕਾ ਲਗਾਤਾਰ ਆਪਣੇ ਹਿੱਤਾਂ ਨੂੰ ਪਹਿਲ ਦਿੰਦਾ ਹੈ, ਤਾਂ ਭਾਰਤ ਨੂੰ ਅਮਰੀਕੀ ਰਣਨੀਤਕ ਤਰਜੀਹਾਂ ਅੱਗੇ ਝੁਕਣ ਦੀ ਕੀ ਲੋੜ ਹੈ?

ਅਮਰੀਕਾ ਦੇ ਇਸ ਦਬਦਬਾਵਾਦੀ ਰਵੱਈਏ ਨੇ ਪੂਰੀ ਦੁਨੀਆ ਨੂੰ ਅਸਥਿਰਤਾ ਵੱਲ ਧੱਕਿਆ ਹੈ ਅਤੇ ਹਰ ਪਾਸੇ ਫ਼ੌਜੀ ਤਣਾਅ ਵਧਾਇਆ ਹੈ। ਪ੍ਰਮਾਣੂ ਟਕਰਾਅ ਦਾ ਖ਼ਤਰਾ ਮੌਜੂਦਾ ਸਥਿਤੀ ਨੂੰ ਹੋਰ ਵੀ ਚਿੰਤਾਜਨਕ ਬਣਾਉਂਦਾ ਹੈ। ਈਰਾਨ ਵਾਰ-ਵਾਰ ਪ੍ਰਮਾਣੂ ਹਥਿਆਰ ਹਾਸਲ ਕਰਨ ਦੀ ਇੱਛਾ ਤੋਂ ਇਨਕਾਰ ਕਰਦਾ ਆਇਆ ਹੈ, ਜਦਕਿ ਅਮਰੀਕਾ ਅਤੇ ਇਜ਼ਰਾਈਲ ਉਸ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਇੱਕ ਵੱਡੇ ਸੁਰੱਖਿਆ ਖ਼ਤਰੇ ਵਜੋਂ ਪੇਸ਼ ਕਰਦੇ ਰਹੇ ਹਨ।

ਇਰਾਕ ਵਿਰੁੱਧ ਜੰਗ ਸਾਡੇ ਲਈ ਇੱਕ ਗੰਭੀਰ ਸਬਕ ਹੈ। 2003 ਵਿੱਚ ਅਮਰੀਕਾ ਦੀ ਅਗਵਾਈ ਹੇਠ ਕੀਤੇ ਗਏ ਹਮਲੇ ਨੂੰ ਜਾਇਜ਼ ਠਹਿਰਾਉਣ ਲਈ ਸਮੂਹਿਕ ਤਬਾਹੀ ਦੇ ਹਥਿਆਰਾਂ ਬਾਰੇ ਦੋਸ਼ ਲਾਏ ਗਏ ਸਨ, ਪਰ ਹਮਲੇ ਦੇ ਮੁੱਖ ਆਧਾਰ ਵਜੋਂ ਪੇਸ਼ ਕੀਤੇ ਗਏ ਹਥਿਆਰਾਂ ਦੇ ਭੰਡਾਰ ਉੱਥੇ ਨਹੀਂ ਮਿਲੇ। ਇਰਾਕ ਅਤੇ ਪੂਰੇ ਖੇਤਰ ਲਈ ਜੰਗ ਦੇ ਵਿਨਾਸ਼ਕਾਰੀ ਨਤੀਜੇ ਇਹ ਦਰਸਾਉਂਦੇ ਹਨ ਕਿ ਵਿਵਾਦਪੂਰਨ ਦਾਅਵਿਆਂ ਦੇ ਆਧਾਰ 'ਤੇ ਜੰਗ ਛੇੜਨਾ ਕਿੰਨਾ ਖ਼ਤਰਨਾਕ ਹੋ ਸਕਦਾ ਹੈ।

ਸੰਯੁਕਤ ਰਾਸ਼ਟਰ ਨੂੰ ਚਾਹੀਦਾ ਹੈ ਕਿ ਉਹ ਟਕਰਾਅ ਨੂੰ ਹੋਰ ਵਧਣ ਤੋਂ ਰੋਕਣ ਅਤੇ ਕੌਮਾਂਤਰੀ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕੂਟਨੀਤਕ ਯਤਨ ਤੁਰੰਤ ਤੇਜ਼ ਕਰੇ। ਉਸ ਨੂੰ ਸਾਰੇ ਪ੍ਰਮਾਣੂ ਹਥਿਆਰਾਂ ਨਾਲ ਲੈਸ ਦੇਸ਼ਾਂ ਉੱਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਚੱਲ ਰਹੇ ਟਕਰਾਵਾਂ ਦੌਰਾਨ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਾ ਕਰਨ ਬਾਰੇ ਇੱਕ ਪਾਬੰਦਕਾਰੀ ਵਚਨਬੱਧਤਾ ਕਰਨ।

ਪ੍ਰਮਾਣੂ ਹਥਿਆਰਾਂ ਦੀ ਸੀਮਤ ਵਰਤੋਂ ਵੀ ਵੱਡੇ ਪੱਧਰ 'ਤੇ ਜਾਨੀ ਨੁਕਸਾਨ, ਵਾਤਾਵਰਣ ਦੀ ਤਬਾਹੀ, ਖ਼ੁਰਾਕ ਦੀ ਕਮੀ ਅਤੇ ਲੰਮੇ ਸਮੇਂ ਤੱਕ ਰਹਿਣ ਵਾਲੇ ਸਿਹਤ ਸੰਕਟ ਪੈਦਾ ਕਰ ਸਕਦੀ ਹੈ। ਇਸ ਦੇ ਪ੍ਰਭਾਵ ਸੰਬੰਧਤ ਦੇਸ਼ਾਂ ਦੀਆਂ ਸਰਹੱਦਾਂ ਤੋਂ ਕਿਤੇ ਦੂਰ ਤੱਕ ਫੈਲ ਸਕਦੇ ਹਨ। ਵੱਡੇ ਪੱਧਰ 'ਤੇ ਪ੍ਰਮਾਣੂ ਜੰਗ ਮਨੁੱਖੀ ਸਭਿਅਤਾ ਦੀ ਹੋਂਦ ਲਈ ਹੀ ਖ਼ਤਰਾ ਬਣ ਸਕਦੀ ਹੈ।

# ਸੰਪਰਕ : 94170-00360

# ਕਿਰਾਇਆ ਪੂਰਾ, ਬਕਾਇਆ ਅਧੂਰਾ!

**ਡਾ. ਕਾਦੰਬਰੀ ਨਈਅਰ**

ਕਈ ਸਾਲਾਂ ਬਾਅਦ ਹਾਲ ਹੀ 'ਚ ਮੈਨੂੰ ਅੰਮ੍ਰਿਤਸਰ ਤੋਂ ਜਲੰਧਰ ਤੱਕ ਬੱਸ ਰਾਹੀਂ ਸਫ਼ਰ ਕਰਨ ਦਾ ਮੌਕਾ ਮਿਲਿਆ। ਆਮ ਤੌਰ 'ਤੇ ਮੈਂ ਵੋਲਵੋ ਬੱਸ ਵਿੱਚ ਸਫ਼ਰ ਕਰਦੀ ਹਾਂ, ਪਰ ਉਸ ਦਿਨ ਅੱਤ ਦੀ ਗਰਮੀ ਅਤੇ ਵੋਲਵੋ ਦੀ ਲੰਮੀ ਉਡੀਕ ਕਾਰਨ ਮੈਂ ਪ੍ਰਾਈਵੇਟ ਬੱਸ ਵਿੱਚ ਬੈਠਣ ਦਾ ਫ਼ੈਸਲਾ ਕੀਤਾ।

ਬੱਸ ਵਿੱਚ ਬੈਠਣ ਤੋਂ ਬਾਅਦ ਜਦੋਂ ਕੰਡਕਟਰ ਟਿਕਟ ਕੱਟਣ ਆਇਆ, ਤਾਂ ਮੈਂ ਉਸ ਨੂੰ 500 ਰੁਪਏ ਦਾ ਨੋਟ ਦਿੱਤਾ। ਜਲੰਧਰ ਤੱਕ ਦਾ ਕਿਰਾਇਆ 130 ਰੁਪਏ ਸੀ। ਕੰਡਕਟਰ ਨੇ ਟਿਕਟ ਕੱਟ ਕੇ 370 ਰੁਪਏ ਵਾਪਸ ਕਰਨ ਦੀ ਬਜਾਏ ਬਕਾਇਆ ਰਕਮ ਟਿਕਟ ਉੱਤੇ ਲਿਖ ਦਿੱਤੀ। ਮੈਂ ਸੋਚਿਆ ਕਿ ਉਹ ਕੁਝ ਦੇਰ ਬਾਅਦ ਬਕਾਇਆ ਪੈਸੇ ਦੇ ਦੇਵੇਗਾ, ਪਰ ਜਲੰਧਰ ਪਹੁੰਚਣ ਤੱਕ ਅਜਿਹਾ ਨਹੀਂ ਹੋਇਆ। ਮੈਂ ਵੀ ਵਾਰ-ਵਾਰ ਪੈਸੇ ਮੰਗਣ ਵਿੱਚ ਝਿਜਕ ਮਹਿਸੂਸ ਕਰਦੀ ਰਹੀ। ਅੰਤ ਵਿੱਚ ਜਲੰਧਰ ਪਹੁੰਚਣ ਤੱਕ ਵੀ ਮੇਰੇ ਪੈਸੇ ਵਾਪਸ ਨਹੀਂ ਮਿਲੇ।

ਵਾਪਸੀ ਸਮੇਂ ਵੀ ਹਾਲਾਤ ਕੁਝ ਵੱਖਰੇ ਨਹੀਂ ਸਨ। ਵੋਲਵੋ ਬੱਸ ਦੁਪਹਿਰ ਤੋਂ ਪਹਿਲਾਂ ਮਿਲਣ ਦੀ ਕੋਈ ਉਮੀਦ ਨਹੀਂ ਸੀ। ਗਰਮੀ, ਭੁੱਖ ਅਤੇ ਥਕਾਵਟ ਕਾਰਨ ਮੈਂ ਚੂਰ ਹੋ ਗਈ ਸੀ, ਇਸ ਲਈ ਪ੍ਰਾਈਵੇਟ ਬੱਸ ਵਿੱਚ ਸਫ਼ਰ ਕਰਨ ਲਈ ਮਜ਼ਬੂਰ ਸੀ।

ਬੱਸ ਵਿੱਚ ਬੈਠਦਿਆਂ ਹੀ ਪਿਛਲੇ ਸਫ਼ਰ ਵਾਲਾ ਤਜਰਬਾ ਮੁੜ ਸਾਹਮਣੇ ਆ ਗਿਆ। ਕੰਡਕਟਰ ਨੇ ਟਿਕਟ ਕੱਟਣ ਮਗਰੋਂ ਬਕਾਇਆ ਪੈਸੇ ਵਾਪਸ ਕਰਨ ਦੀ ਬਜਾਏ ਇਸ ਵਾਰ ਵੀ ਟਿਕਟ 'ਤੇ ਰਕਮ ਲਿਖ ਦਿੱਤੀ। ਫ਼ਰਕ ਸਿਰਫ਼ ਏਨਾ ਸੀ ਕਿ ਹੁਣ ਮੈਂ ਇਕੱਲੀ ਪ੍ਰੇਸ਼ਾਨ ਨਹੀਂ ਸੀ, ਹੋਰ ਵੀ ਕਈ ਯਾਤਰੀ ਆਪਣੇ ਪੈਸੇ ਲੈਣ ਲਈ ਕੰਡਕਟਰ ਨੂੰ ਵਾਰ-ਵਾਰ ਕਹਿ ਰਹੇ ਸਨ।

ਇੱਕ ਬਜ਼ੁਰਗ ਔਰਤ ਨੇ ਦੱਸਿਆ ਕਿ ਇਹ ਕੋਈ ਨਵੀਂ ਗੱਲ ਨਹੀਂ। ਕੰਡਕਟਰ ਅਕਸਰ ਇਹ ਕਹਿ ਕੇ ਟਾਲ ਦਿੰਦੇ ਹਨ, 'ਥੋੜ੍ਹਾ ਇੰਤਜ਼ਾਰ ਕਰੋ, ਹੁਣੇ ਦੇ ਦਿੰਦਾ ਹਾਂ।' ਪਰ ਕਈ ਵਾਰ ਇਹ 'ਹੁਣੇ' ਸਫ਼ਰ ਦੇ ਅੰਤ ਤੱਕ ਵੀ ਨਹੀਂ ਆਉਂਦਾ।

ਇਹ ਸਥਿਤੀ ਕਈ ਸਵਾਲ ਖੜ੍ਹੇ ਕਰਦੀ ਹੈ। ਜਦੋਂ ਯਾਤਰੀ ਪੂਰਾ ਕਿਰਾਇਆ ਅਦਾ ਕਰਦਾ ਹੈ, ਤਾਂ ਉਸ ਦੀ ਬਕਾਇਆ ਰਕਮ ਤੁਰੰਤ ਵਾਪਸ ਕਰਨਾ ਕੰਡਕਟਰ ਦੀ ਜ਼ਿੰਮੇਵਾਰੀ ਹੈ। ਫਿਰ ਯਾਤਰੀ ਨੂੰ ਆਪਣੇ ਹੀ ਪੈਸੇ ਲੈਣ ਲਈ ਵਾਰ-ਵਾਰ ਬੇਨਤੀ ਕਿਉਂ ਕਰਨੀ ਪਵੇ? ਹਰ ਯਾਤਰੀ ਕੋਲ ਨਾ ਤਾਂ ਏਨਾ ਸਮਾਂ ਹੁੰਦਾ ਹੈ ਅਤੇ ਨਾ ਹੀ ਹਰ ਕੋਈ ਵਾਰ-ਵਾਰ ਕੰਡਕਟਰ ਨੂੰ ਕਹਿ ਸਕਣ ਦੀ ਸਥਿਤੀ ਵਿੱਚ ਹੁੰਦਾ ਹੈ। ਬਜ਼ੁਰਗਾਂ, ਵਿਦਿਆਰਥੀਆਂ ਅਤੇ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਲਈ ਇਹ ਲਾਪਰਵਾਹੀ ਹੋਰ ਵੀ ਮੁਸ਼ਕਲ ਬਣ ਸਕਦੀ ਹੈ।



ਕਈ ਵਾਰ ਬਕਾਇਆ ਰਕਮ ਛੋਟੀ ਹੁੰਦੀ ਹੈ, ਪਰ ਇਹ ਯਾਤਰੀ ਦਾ ਆਪਣਾ ਪੈਸਾ ਹੁੰਦਾ ਹੈ। ਕਿਸੇ ਲਈ ਇਹ ਕੁਝ ਕੁ ਰੁਪਏ ਹੋ ਸਕਦੇ, ਜਦਕਿ ਕਿਸੇ ਦੂਜੇ ਲਈ ਇਹ ਰਕਮ ਵੱਡੀ ਮਹੱਤਤਾ ਰੱਖਦੀ ਹੈ। ਇਸ ਲਈ ਬਕਾਇਆ ਪੈਸੇ ਵਾਪਸ ਕਰਨ ਵਿੱਚ ਲਾਪ੍ਰਵਾਹੀ ਨੂੰ ਇੱਕ ਆਮ ਗੱਲ ਸਮਝ ਕੇ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਬੱਸ ਪ੍ਰਬੰਧਕਾਂ ਅਤੇ ਸੰਬੰਧਤ ਅਧਿਕਾਰੀਆਂ ਨੂੰ ਇਸ ਸਮੱਸਿਆ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਕੰਡਕਟਰਾਂ ਲਈ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਟਿਕਟ ਕੱਟਣ ਸਮੇਂ ਯਾਤਰੀ ਨੂੰ ਬਕਾਇਆ ਰਕਮ ਤੁਰੰਤ ਵਾਪਸ ਕੀਤੀ ਜਾਵੇ। ਜੇਕਰ ਕਿਸੇ ਕਾਰਨ ਅਜਿਹਾ ਸੰਭਵ ਨਾ ਹੋਵੇ, ਤਾਂ ਇਸ ਲਈ ਇੱਕ ਸਪੱਸ਼ਟ ਅਤੇ ਜਵਾਬਦੇਹ ਪ੍ਰਬੰਧ ਹੋਣਾ ਚਾਹੀਦਾ ਹੈ, ਤਾਂ ਜੋ ਯਾਤਰੀ ਨੂੰ ਆਪਣੇ ਪੈਸਿਆਂ ਲਈ ਪਰੇਸ਼ਾਨ ਨਾ ਹੋਣਾ ਪਵੇ।

ਜਨਤਕ ਆਵਾਜਾਈ ਵਿੱਚ ਯਾਤਰੀਆਂ ਤੋਂ ਪੂਰਾ ਕਿਰਾਇਆ ਲੈਣਾ ਜਿੰਨਾ ਜ਼ਰੂਰੀ ਹੈ, ਉਨ੍ਹਾਂ ਦੇ ਬਕਾਇਆ ਪੈਸੇ ਤੁਰੰਤ ਵਾਪਸ ਕਰਨਾ ਵੀ ਓਨਾ ਹੀ ਜ਼ਰੂਰੀ ਹੈ। ਯਾਤਰੀਆਂ ਨੂੰ ਆਪਣੇ ਹੀ ਪੈਸੇ ਵਾਪਸ ਲੈਣ ਲਈ ਵਾਰ-ਵਾਰ ਬੇਨਤੀ ਕਰਨ ਲਈ ਮਜਬੂਰ ਨਹੀਂ ਹੋਣਾ ਚਾਹੀਦਾ। ਸੰਬੰਧਤ ਅਧਿਕਾਰੀਆਂ ਨੂੰ ਇਸ ਸਮੱਸਿਆ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ,ਤਾਂ ਜੋ ਬੱਸ ਯਾਤਰਾ ਦੌਰਾਨ ਇਮਾਨਦਾਰੀ, ਜਵਾਬਦੇਹੀ ਅਤੇ ਯਾਤਰੀਆਂ ਦੇ ਅਧਿਕਾਰਾਂ ਦਾ ਸਤਿਕਾਰ ਯਕੀਨੀ ਬਣਾਇਆ ਜਾ ਸਕੇ। ਆਖ਼ਰਕਾਰ, ਯਾਤਰੀਆਂ ਦੇ ਬਕਾਇਆ ਪੈਸੇ ਵਾਪਸ ਕਰਨਾ ਕੰਡਕਟਰ ਦਾ ਫ਼ਰਜ਼ ਹੈ, ਕੋਈ ਅਹਿਸਾਨ ਨਹੀਂ।

*ਸਹਾਇਕ ਪ੍ਰੋਫੈਸਰ ਜੀ ਐੱਨ ਡੀ ਯੂ ਕਾਲਜ, ਜਲੰਧਰ*

# ਤਰਕਸ਼ੀਲਤਾ ਦਾ ਸਫ਼ਰ ਅਤੇ ਪਸਾਰਾ


ਵਿਸ਼ਵਾ ਮਿੱਤਰ

ਤਰਕਸ਼ੀਲਤਾ ਦਾ ਸਫ਼ਰ ਗੌਤਮ ਬੁੱਧ ਤੋਂ ਚੱਲ ਕੇ ਸ੍ਰੀਲੰਕਾ ਦੇ ਡਾਕਟਰ ਅਬ੍ਰਾਹਿਮ ਕਾਵੂਰ , ਪੰਡਤ ਨਹਿਰੂ , ਮਹਾਰਾਸ਼ਟਰ ਦੇ ਡਾਕਟਰ ਦਾਭੋਲਕਰ ਤੋਂ ਹੁੰਦਾ ਹੋਇਆ ਪੰਜਾਬ ਦੀ ਤਰਕਸ਼ੀਲ ਸੁਸਾਇਟੀ ਕੋਲ ਪਹੁੰਚਿਆ।

ਗੌਤਮ ਬੁੱਧ ਅਨੁਸਾਰ ਕਿਸੇ ਵੀ ਕਥਨ ਨੂੰ ਇਸ ਲਈ ਸਵੀਕਾਰ ਨਾ ਕਰੋ ਕਿ ਤੁਸੀ ਇਹ ਕਿਸੇ ਤੋਂ ਸੁਣਿਆ ਹੈ ਜਾਂ ਬਹੁਤ ਸਾਰੇ ਲੋਕ ਇਹੋ ਕਹਿੰਦੇ ਹਨ ਜਾਂ ਤੁਹਾਡੀ ਧਾਰਮਿਕ ਪੁਸਤਕ ਵਿਚ ਲਿਖਿਆ ਹੈ। ਕਿਸੇ ਵੀ ਗੱਲ ਨੂੰ ਇਸ ਕਰਕੇ ਨਾ ਮੰਨੋ ਕਿ ਤੁਹਾਡੇ ਉਸਤਾਦਾਂ ਨੇ ਕਹੀ ਹੈ। ਕਿਸੇ ਵੀ ਉਸ ਗੱਲ ਨੂੰ ਸਵੀਕਾਰ ਨਾ ਕਰੋ ਕਿ ਇਹ ਪਿਛਲੀਆਂ ਕਈ ਪੀੜ੍ਹੀਆਂ ਤੋਂ ਚਲਦੀ ਆ ਰਹੀ ਹੈ। ਕੇਵਲ ਅਵਲੋਕਨ ਅਤੇ ਵਿਸ਼ਲੇਸ਼ਣ ਤੋਂ ਬਾਅਦ ਜੇਕਰ ਤੁਸੀਂ ਸਹਿਮਤ ਹੋਵੋ ਕਿ ਇਹ ਮਾਨਵਤਾ ਦੀ ਭਲਾਈ ਲਈ ਹੈ ਤਾਂ ਮੰਨੋ। ਗੌਤਮ ਬੁੱਧ ਮਰਨ ਤੋਂ ਬਾਅਦ ਕਿਸੇ ਸਵਰਗ , ਨਰਕ ਜਾਂ ਪੁਨਰਜਨਮ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ ਅਤੇ ਉਹ ਆਤਮਾ ਜਾਂ ਮਹਾਤਮਾ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ ਸਨ ਅਤੇ ਮੂਰਤੀ ਪੂਜਾ ਦੇ ਵਿਰੁੱਧ ਸਨ।

ਪੰਡਤ ਜਵਾਹਰ ਲਾਲ ਨਹਿਰੂ ਦੇ ਵਿਚਾਰ ਵਿਗਿਆਨ ਪੜ੍ਹਨ ਕਾਰਨ ਅਤੇ ਤੀਖਣ ਬੁੱਧੀ ਦੇ ਕਾਰਨ ਵਿਗਿਆਨਕ ਸਨ ।ਉਹਨਾ ਨੇ ਵਿਗਿਆਨਿਕ ਦ੍ਰਿਸ਼ਟੀਕੋਣ ਅਪਨਾਉਣ ਲਈ ਕਿਹਾ। ਇਸੇ ਲਈ ਉਹ ਕਦੇ ਵੀ ਕਿਸੇ ਮੰਦਰ, ਮਸਜਿਦ ਜਾਂ ਚਰਚ ਵਿਚ ਨਹੀਂ ਗਏ ਅਤੇ ਨਾ ਹੀ ਵੋਟਾਂ ਖਾਤਿਰ ਕਿਸੇ ਧਰਮ ਦਾ ਆਸਰਾ ਲਿਆ।ਸਾਡੇ ਭਾਰਤੀ ਸੰਵਿਧਾਨ ਦੇ ਉਪਛੇਦ 51 ਏ (ਐੱਚ) ਵਿਚ ਵੀ ਦਰਜ ਹੈ ਕਿ ਹਰ ਭਾਰਤੀ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਏ ਅਤੇ ਇਸ ਦਾ ਪ੍ਰਚਾਰ, ਪ੍ਰਸਾਰ ਕਰੇ ਅਤੇ ਭਰਾਤਰੀ ਭਾਈਚਾਰਾ ਵੀ ਕਾਇਮ ਰੱਖੇ।

ਡਾਕਟਰ ਅਬ੍ਰਾਹਿਮ ਕਾਵੂਰ ਸ੍ਰੀਲੰਕਾ ਉਪ ਮਹਾਂਦੀਪ ਦੇ ਇੱਕ ਮਹਾਨ ਤਰਕਸ਼ੀਲ, ਵਿਗਿਆਨੀ ਅਤੇ ਪ੍ਰੋਫੈਸਰ ਸਨ। ਉਨ੍ਹਾ ਆਪਣੀ ਪੂਰੀ ਜ਼ਿੰਦਗੀ ਲੋਕਾਂ ਨੂੰ ਅੰਧ-ਵਿਸ਼ਵਾਸਾਂ ਦੇ ਹਨੇਰੇ ਵਿੱਚੋਂ ਕੱਢ ਕੇ ਵਿਗਿਆਨਕ ਸੋਚ ਅਪਨਾਉਣ ਲਈ ਪ੍ਰੇਰਿਤ ਕਰਨ ਵਿੱਚ ਲਗਾ ਦਿਤਾ। ਉਹਨਾ ਸਤਿਆ ਸਾਈਂ ਬਾਬਾ ਦੇ ਕੀਤੇ ਹੋਏ ਟਰਿਕ, ਜਿਵੇਂ ਕਿ ਹੱਥ ਵਿਚੋਂ ਵਿਭੂਤੀ ਕੱਢ ਕੇ ਵਿਖਾਉਣੀ ਅਤੇ ਹਵਾ ਵਿਚੋਂ ਜੋ ਕੁਝ ਸਤਿਆ ਸਾਈਂ ਪੈਦਾ ਕਰਕੇ ਵਿਖਾਉਂਦਾ ਸੀ, ਉਹ ਕਾਵੂਰ ਨੇ ਆਪ ਕੱਢ ਕੇ ਵਿਖਾਏ ਅਤੇ ਲੋਕਾਂ ਨੂੰ ਇਹ ਟਰਿੱਕ ਕਿਵੇਂ ਸਾਹਮਣੇ ਆਉਂਦੇ ਹਨ ਸਮਝਾਇਆ। ਉਹਨਾ ਨੇ ਸਤਿਆ ਸਾਈਂ ਨੂੰ ਕੋਈ ਵੀ ਚਮਤਕਾਰ ਦਾਭੋਲਕਰ ਦੀ ਹਾਜ਼ਰੀ ਵਿਚ ਲੋਕਾਂ ਸਾਹਮਣੇ ਕਰ ਕੇ ਵਿਖਾਉਣ ਲਈ ਚੈਲੇਂਜ ਕੀਤਾ, ਪਰ ਸਤਿਆ ਸਾਈਂ ਬਾਬਾ ਮੁੜ ਕੇ ਨਾ ਆਇਆ। ਉਹਨਾ ਆਪਣੀ ਹਾਜ਼ਰੀ ਵਿਚ ਲੋਕਾਂ ਦੇ ਸਾਹਮਣੇ 23 ਕਰਤੱਬਾਂ ਵਿੱਚੋਂ ਕੋਈ ਇੱਕ ਕਰ ਕੇ ਦਿਖਾਉਣ ਵਾਲੇ ਸਾਧੂ, ਸੰਤਾਂ ਯੋਗੀਆਂ, ਜੋਤਸ਼ੀਆਂ ਨੂੰ ਚੈਲੰਜ ਕੀਤਾ ਅਤੇ ਜੇਤੂ ਨੂੰ ਇੱਕ ਲੱਖ ਲੰਕਨ ਰੁਪਏ ਦਾ ਇਨਾਮ ਵੀ ਰੱਖਿਆ ਅਤੇ ਕੋਈ ਵੀ ਇਹ ਇਨਾਮ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਇਆ।

18 ਸਤੰਬਰ 1978 ਨੂੰ ਕੈਂਸਰ ਕਾਰਨ ਉਨ੍ਹਾ ਦੀ ਮੌਤ ਹੋ ਜਾਣ ਤੋਂ ਪਹਿਲਾਂ ਉਹਨਾ ਆਪਣੀ ਵਸੀਅਤ ਵਿਚ ਜੋ ਲਿਖਿਆ, ਜਿਸ ਅਨੁਸਾਰ ਆਪਣੇ ਵਿਗਿਆਨਕ ਵਿਚਾਰਾਂ ਮੁਤਾਬਕ ਉਨ੍ਹਾਂ ਨੇ ਕੋਈ ਧਾਰਮਿਕ ਰਸਮ ਨਹੀਂ ਕਰਵਾਈ। ਆਪਣੀਆਂ ਅੱਖਾਂ ਦ੍ਰਿਸ਼ਟੀਹੀਣਾਂ ਨੂੰ ਦਾਨ ਕਰ ਦਿੱਤੀਆਂ ਅਤੇ ਆਪਣਾ ਸਰੀਰ ਮੈਡੀਕਲ ਦੇ ਵਿਦਿਆਰਥੀਆਂ ਦੀ ਖੋਜ ਲਈ ਹਸਪਤਾਲ ਨੂੰ ਸੌਂਪ ਦਿੱਤਾ। ਉਨ੍ਹਾ ਦਾ ਪਿੰਜਰ ਅੱਜ ਵੀ ਵਿਗਿਆਨ ਦੀ ਪੜ੍ਹਾਈ ਲਈ ਕਾਲਜ ਵਿੱਚ ਸੁਰੱਖਿਅਤ ਹੈ।

ਡਾ. ਨਰਿੰਦਰ ਦਾਭੋਲਕਰ ਮਹਾਰਾਸ਼ਟਰ ਦੇ ਇੱਕ ਪ੍ਰਸਿੱਧ ਡਾਕਟਰ, ਤਰਕਸ਼ੀਲ ਅਤੇ ਸਮਾਜਿਕ ਕਾਰਕੁਨ ਸਨ। ਡਾ. ਦਾਭੋਲਕਰ ਨੇ ਮਿਰਾਜ ਦੇ ਮੈਡੀਕਲ ਕਾਲਜ ਤੋਂ ਡਾਕਟਰੀ ਦੀ ਡਿਗਰੀ ਹਾਸਲ ਕੀਤੀ, ਪਰ ਡਾਕਟਰੀ ਦੀ ਨੌਕਰੀ ਕਰਦਿਆਂ ਉਨ੍ਹਾ ਨੇ ਗੰਭੀਰਤਾ ਨਾਲ ਇਹ ਮਹਿਸੂਸ ਕੀਤਾ ਕਿ ਸਮੁੱਚੇ ਮਹਾਰਾਸ਼ਟਰ ਵਿੱਚ ਧਾਰਮਿਕ ਆਸਥਾ ਦੀ ਆੜ ਹੇਠ ਅੰਧ-ਵਿਸ਼ਵਾਸ ਅਤੇ ਕਰਮਕਾਂਡ ਫੈਲਾਅ ਕੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਕਥਿਤ ਕਾਲੇ ਇਲਮ ਦੇ ਢੌਂਗੀਆਂ ਵੱਲੋਂ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਿਆ ਜਾ ਰਿਹਾ ਹੈ, ਜਿਸ 'ਤੇ ਰੋਕਥਾਮ ਲਈ ਆਮ ਲੋਕਾਂ ਵਿੱਚ ਸੰਸਥਾਗਤ ਪੱਧਰ 'ਤੇ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਲੋੜ ਹੈ। ਇਸੇ ਲਈ ਡਾ. ਦਾਭੋਲਕਰ ਨੇ ਸੰਨ 1983 'ਚ ਲੋਕਾਂ ਨੂੰ ਲੁੱਟਣ ਵਾਲੇ ਪਾਖੰਡੀ ਬਾਬਿਆਂ ਖ਼ਿਲਾਫ਼ ਆਪਣਾ ਸੰਘਰਸ਼ ਸ਼ੁਰੂ ਕੀਤਾ। ਸੰਨ 1989 ਵਿੱਚ ਉਨ੍ਹਾ ਅੰਧ ਸ਼ਰਧਾ ਨਿਰਮੂਲਨ ਸਮਿਤੀ ਨਾਂਅ ਦੀ ਪ੍ਰਗਤੀਸ਼ੀਲ ਸੰਸਥਾ ਦੀ ਸਥਾਪਨਾ ਕਰਕੇ ਅੰਧ ਵਿਸ਼ਵਾਸਾਂ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਜਥੇਬੰਦਕ ਵਿਗਿਆਨਕ ਚੇਤਨਾ ਲਹਿਰ ਦੀ ਸ਼ੁਰੂਆਤ ਕੀਤੀ। ਉਨ੍ਹਾ ਪੂਰੇ ਮਹਾਰਾਸ਼ਟਰ ਵਿੱਚ ਇਸ ਤਰਕਸ਼ੀਲ ਸੰਸਥਾ ਦੀਆਂ 200 ਤੋਂ ਵੱਧ ਇਕਾਈਆਂ ਬਣਾਈਆਂ। ਡਾ. ਦਾਭੋਲਕਰ ਨੇ ਲਗਾਤਾਰ 40 ਸਾਲ ਮਹਾਰਾਸ਼ਟਰ ਵਿੱਚ ਕਥਿਤ ਕਾਲੇ ਜਾਦੂ, ਟੂਣੇ, ਚਮਤਕਾਰ, ਜੋਤਿਸ਼, ਰਾਸ਼ੀਫਲ ਅਤੇ ਕਥਿਤ ਦੈਵੀ ਸ਼ਕਤੀਆਂ ਦੇ ਝੂਠੇ ਦਾਅਵੇਦਾਰ ਪਾਖੰਡੀਆਂ ਦਾ ਪਰਦਾ ਫਾਸ਼ ਕਰਨ ਦੇ ਨਾਲ-ਨਾਲ ਰੂੜ੍ਹੀਵਾਦੀ ਰਵਾਇਤਾਂ,ਧਾਰਮਿਕ ਅਸਹਿਣਸ਼ੀਲਤਾ, ਜਾਤ-ਪਾਤ, ਨਾਬਰਾਬਰੀ, ਦਾਜ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ ਖ਼ਿਲਾਫ਼ ਵੀ ਜਾਗਰੂਕਤਾ ਮੁਹਿੰਮ ਚਲਾਈ। ਉਨ੍ਹਾ ਨੇ ਵਿਗਿਆਨਕ ਵਿਸ਼ਿਆਂ ਉੱਤੇ 12 ਕਿਤਾਬਾਂ ਵੀ ਲਿਖੀਆਂ ਅਤੇ ਉਹ ਪ੍ਰਗਤੀਸ਼ੀਲ ਰਸਾਲੇ 'ਸਾਧਨਾ' ਦੇ ਸੰਪਾਦਕ ਵੀ ਰਹੇ। ਸਮਾਜਿਕ ਬਰਾਬਰੀ ਯਕੀਨੀ ਬਣਾਉਣ ਲਈ ਉਨ੍ਹਾ ਨੇ ਜਿੱਥੇ 'ਇੱਕ ਪਿੰਡ-ਇੱਕ ਖੂਹ' ਦੇ ਅੰਦੋਲਨ ਵਿੱਚ ਸਰਗਰਮ ਸ਼ਮੂਲੀਅਤ ਕੀਤੀ, ਉਥੇ ਹੀ ਸਮਾਜ ਵਿੱਚੋਂ ਭੇਦ-ਭਾਵ ਖ਼ਤਮ ਕਰਨ ਲਈ ਉੱਠੇ ਕਈ ਸਮਾਜਿਕ ਅੰਦੋਲਨਾਂ ਦੀ ਅਗਵਾਈ ਵੀ ਕੀਤੀ। ਡਾ. ਦਾਭੋਲਕਰ ਨੇ ਸਮੁੰਦਰ, ਨਦੀਆਂ-ਨਾਲਿਆਂ ਵਿੱਚ ਰਸਾਇਣਕ ਰੰਗਾਂ ਵਾਲੀਆਂ ਮੂਰਤੀਆਂ ਦੇ ਵਿਸਰਜਨ ਦਾ ਡਟਵਾਂ ਵਿਰੋਧ ਕੀਤਾ, ਤਾਂ ਕਿ ਸਮੁੰਦਰੀ ਜੀਵ-ਜੰਤੂਆਂ ਅਤੇ ਮਨੁੱਖੀ ਜਾਨਾਂ ਨੂੰ ਪ੍ਰਦੂਸ਼ਤ ਪਾਣੀ ਤੋਂ ਬਚਾਇਆ ਜਾ ਸਕੇ। ਇਸ ਕਾਰਜ ਲਈ ਉਨ੍ਹਾ ਨੂੰ ਧਾਰਮਿਕ ਕੱਟੜਵਾਦੀਆਂ ਦੇ ਵਿਰੋਧ ਦਾ ਕਈ ਵਾਰ ਸਾਹਮਣਾ ਵੀ ਕਰਨਾ ਪਿਆ। ਡਾ. ਦਾਭੋਲਕਰ ਵੱਲੋਂ ਸੰਨ 1995 ਵਿੱਚ ਅੰਧ-ਵਿਸ਼ਵਾਸ ਵਿਰੋਧੀ ਬਿੱਲ ਦਾ ਇੱਕ ਖਰੜਾ ਤਿਆਰ ਕਰਕੇ ਮਹਾਰਾਸ਼ਟਰ ਸਰਕਾਰ ਨੂੰ ਭੇਜਿਆ ਗਿਆ, ਪਰ ਵਿਧਾਨ ਸਭਾ ਵਿੱਚ ਇਸ ਬਿੱਲ ਦੇ ਪੇਸ਼ ਹੋਣ ਮੌਕੇ ਕੁਝ ਸਿਆਸੀ ਅਤੇ ਕੱਟੜ ਧਾਰਮਿਕ ਸੰਗਠਨਾਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਇਸ ਬਿੱਲ ਨੂੰ ਪਾਸ ਕਰਵਾਉਣ ਦੇ ਗੰਭੀਰ ਯਤਨਾਂ ਵਜੋਂ ਡਾ. ਦਾਭੋਲਕਰ ਨੂੰ ਕੁਝ ਧਾਰਮਿਕ ਸੰਗਠਨਾਂ ਅਤੇ ਅਖੌਤੀ ਧਰਮ ਗੁਰੂਆਂ ਵੱਲੋਂ ਕਈ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ, ਪਰ ਉਨ੍ਹਾ ਨੇ ਇਸ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਯਤਨ ਜਾਰੀ ਰੱਖੇ। ਆਖ਼ਰਕਾਰ ਇਹ ਬਿੱਲ ਸੰਨ 2005 ਵਿੱਚ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਪਾਸ ਹੋ ਗਿਆ, ਪਰ ਕੁਝ ਮੌਕਾਪ੍ਰਸਤ ਸਿਆਸੀ ਪਾਰਟੀਆਂ ਦੇ ਸਾਜ਼ਿਸ਼ੀ ਵਿਰੋਧ ਕਾਰਨ ਇਹ ਵਿਧਾਨ ਪ੍ਰੀਸ਼ਦ ਵਿੱਚ ਪਾਸ ਨਹੀਂ ਹੋ ਸਕਿਆ। ਡਾ. ਨਰਿੰਦਰ ਦਾਭੋਲਕਰ ਦੀ ਕੁਝ ਫਿਰਕੂ ਅਤੇ ਗੈਰ-ਸਮਾਜੀ ਅਨਸਰਾਂ ਵੱਲੋਂ 20 ਅਗਸਤ, 2013 ਨੂੰ ਪੁਣੇ (ਮਹਾਰਾਸ਼ਟਰ) ਵਿੱਚ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਸੁਪਰੀਮ ਕੋਰਟ ਵੱਲੋਂ ਬੇਸ਼ੱਕ ਦਸ ਸਾਲ ਬਾਅਦ ਦੋ ਕਾਤਲਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਕੂਮਤੀ ਦਬਾਅ ਅਤੇ ਕੇਂਦਰੀ ਜਾਂਚ ਏਜੰਸੀਆਂ ਦੀ ਨਾਕਾਮੀ ਕਰਕੇ ਇਸ ਕਤਲ ਕਾਂਡ ਵਿੱਚ ਪੁਲਸ ਵੱਲੋਂ ਨਾਮਜ਼ਦ ਕੀਤੇ ਮੁੱਖ ਮੁਲਜ਼ਮ ਅਤੇ ਸਾਜ਼ਿਸ਼ਘਾੜੇ ਡਾ. ਵਰਿੰਦਰ ਤਾਵੜੇ ਸਮੇਤ ਮੁਲਜ਼ਮਾਂ ਸੰਜੀਵ ਪੁਨਾਲੇਕਰ ਤੇ ਵਿਕਰਮ ਨੂੰ ਬਰੀ ਕਰ ਦਿੱਤਾ ਗਿਆ। ਉਨ੍ਹਾ ਦੀ ਸ਼ਹਾਦਤ ਤੋਂ ਚਾਰ ਦਿਨ ਬਾਅਦ ਮਹਾਰਾਸ਼ਟਰ ਵਿੱਚ 'ਅੰਧ-ਵਿਸ਼ਵਾਸ ਅਤੇ ਕਾਲਾ ਜਾਦੂ ਵਿਰੋਧੀ ਆਰਡੀਨੈਂਸ (ਬਿੱਲ)' ਪਾਸ ਕੀਤਾ ਗਿਆ। ਉਨ੍ਹਾ ਦੀ ਯਾਦ ਵਿੱਚ 20 ਅਗਸਤ ਨੂੰ 'ਰਾਸ਼ਟਰੀ ਵਿਗਿਆਨਕ ਚੇਤਨਾ ਦਿਵਸ' ਵਜੋਂ ਮਨਾਇਆ ਜਾਂਦਾ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਨੇ ਆਪਣਾ ਸਫ਼ਰ 1984 ਵਿਚ ਡਾ. ਕਵੂਰ ਦੀ ਲਿਖੀ ਪੁਸਤਕ 'ਬਿਗੋਨ ਗੌਡਮੈਨ' ਦਾ ਪੰਜਾਬੀ ਵਿਚ ਉਲੱਥਾ ਤੇ ਦੇਵ ਪੁਰਸ਼ ਹਾਰ ਗਏ ਤੋਂ ਸ਼ੁਰੂ ਕੀਤਾ। ਕੁਝ ਲੋਕ ਸਮਝਦੇ ਹਨ ਕਿ ਤਰਕਸ਼ੀਲ ਸੁਸਾਇਟੀ ਕੇਵਲ ਬਾਬਿਆਂ ਦਾ ਹੀ ਵਿਰੋਧ ਕਰਦੀ ਹੈ, ਪਰ ਇਸ ਦਾ ਕਾਰਜ ਖੇਤਰ ਬਹੁਪੱਖੀ ਅਤੇ ਬਹੁਤ ਵਿਸ਼ਾਲ ਹੈ।ਇਸ ਦਾ ਮਕਸਦ ਸਮਾਜ ਵਿੱਚੋਂ ਅੰਧਵਿਸ਼ਵਾਸ, ਪਖੰਡ, ਜਾਦੂ-ਟੂਣੇ, ਭੂਤਾਂ-ਪ੍ਰੇਤਾਂ ਦੇ ਭਰਮ ਅਤੇ ਪੁਰਾਣੀਆਂ ਗੈਰ-ਵਿਗਿਆਨਕ ਕੂੜ ਰੀਤਾਂ ਨੂੰ ਦੂਰ ਕਰਕੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਪੈਦਾ ਕਰਨਾ ਹੈ।

ਸੁਸਾਇਟੀ ਵੱਲੋਂ 'ਤਰਕਸ਼ੀਲ' ਨਾਮਕ ਮੈਗਜ਼ੀਨ ਅਤੇ ਵੱਖ-ਵੱਖ ਵਿਗਿਆਨਕ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। ਤਰਕਸ਼ੀਲ ਮੈਗਜ਼ੀਨ ਵਿਚ ਡਾ. ਕਵੂਰ ਦੀਆਂ 23 ਸ਼ਰਤਾਂ ਛਾਪੀਆਂ ਗਈਆਂ ਹਨ। ਸੁਸਾਇਟੀ ਵੱਲੋਂ ਕਿਸੇ ਵੀ ਵਿਅਕਤੀ ਨੂੰ ਅਲੌਕਿਕ ਜਾਂ ਚਮਤਕਾਰੀ ਸ਼ਕਤੀਆਂ ਸਾਬਤ ਕਰਨ 'ਤੇ 5,00,000 (5 ਲੱਖ ਰੁਪਏ) ਦਾ ਇਨਾਮ ਦੇਣ ਦੀ ਚੁਣੌਤੀ ਦਿੱਤੀ ਜਾਂਦੀ ਹੈ, ਪਰ ਅਜੇ ਤੱਕ ਕੋਈ ਵੀ ਅਲੌਕਿਕ ਜਾਂ ਚਮਤਕਾਰੀ ਸ਼ਕਤੀਆਂ ਵਾਲਾ ਹਾਜ਼ਰ ਨਹੀਂ ਹੋਇਆ।

ਬੱਚਿਆਂ ਅਤੇ ਨੌਜਵਾਨਾਂ ਵਿੱਚ ਤਰਕਸ਼ੀਲ ਸੋਚ ਵਿਕਸਤ ਕਰਨ ਲਈ ਸਕੂਲਾਂ ਵਿੱਚ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਨਾਟਕਾਂ, ਭਾਸ਼ਣਾਂ ਅਤੇ ਜਾਦੂ ਦੇ ਅਸਲੀ ਟਰਿੱਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਸੁਸਾਇਟੀ ਨੇ ਪਿਛਲੇ ਜਨਮ ਦਾ ਹਾਲ ਦੱਸਣ ਵਾਲੇ ਕਈ ਬੱਚਿਆਂ ਕੋਲੋਂ ਮਾਪਿਆਂ ਵੱਲੋਂ ਕਰਵਾਏ ਜਾ ਰਹੇ ਪਾਖੰਡ ਦਾ ਪਰਦਾ ਫਾਸ਼ ਕੀਤਾ। ਘਰਾਂ ਵਿੱਚ ਵੱਟੇ ਡਿੱਗਣ, ਖ਼ੂਨ ਦੇ ਛਿੱਟੇ ਪੈਣ, ਬੰਦ ਟਰੰਕਾਂ ਵਿਚ ਕੱਪੜਿਆਂ ਨੂੰ ਅੱਗ ਲੱਗਣ ਦੇ ਕਈ ਕੇਸ ਹੱਲ ਕੀਤੇ। ਤਰਕਸ਼ੀਲ ਸੁਸਾਇਟੀ ਸਾਰੇ ਪੰਜਾਬ ਵਿੱਚ ਫੈਲ ਚੁੱਕੀ ਹੈ ਅਤੇ ਇਸੇ ਤਰਾਂ ਸਾਰੇ ਭਾਰਤ ਵਿਚ ਕੰਮ ਕਰ ਰਹੀ ਹੈ।

# ਸੰਪਰਕ : 94716-32228

